
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 43
Feburary 5, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਐੱਨ ਆਰ ਸੀ ਲਾਗੂ ਕਰਨ ਤੋਂ ਪਿੱਛੇ ਹਟੀ ਮੋਦੀ ਸਰਕਾਰ

**ਨਵੀਂ ਦਿੱਲੀ (ਬਿਊਰੋ)–** ਕੇਂਦਰ ਸਰਕਾਰ ਨੇ ਲੋਕ ਸਭਾ ਵਿੱਚ ਕਿਹਾ ਕਿ ਉਸ ਨੇ ਕੌਮੀ ਨਾਗਰਿਕਤਾ ਰਜਿਸਟਰ (ਐੱਨਆਰਸੀ) ਨੂੰ ਕੌਮੀ ਪੱਧਰ 'ਤੇ 'ਤਿਆਰ' ਕਰਨ ਬਾਰੇ ਅਜੇ ਤਕ ਕੋਈ ਫੈਸਲਾ ਨਹੀਂ ਲਿਆ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਇਹ ਦਾਅਵਾ ਇਕ ਲਿਖਤੀ ਜਵਾਬ ਵਿੱਚ ਕੀਤਾ। ਰਾਏ ਨੇ ਹਾਲਾਂਕਿ ਸਾਫ਼ ਕਰ ਦਿੱਤਾ ਕਿ ਕੌਮੀ ਵਸੋਂ ਰਜਿਸਟਰ (ਐੱਨਪੀਆਰ) ਤਿਆਰ ਕਰਨ ਨੂੰ ਲੈ ਕੇ ਕੇਂਦਰ, ਰਾਜ ਸਰਕਾਰਾਂ ਦੇ ਸੰਪਰਕ ਵਿੱਚ ਹੈ ਤੇ ਐੱਨਪੀਆਰ ਦੀ ਅਪਡੇਸ਼ਨ ਮੌਕੇ ਕੋਈ ਵੀ ਦਸਤਾਵੇਜ਼ ਇਕੱਤਰ ਨਹੀਂ ਕੀਤਾ ਜਾਵੇਗਾ। ਇਸ ਪੂਰੀ ਮਸ਼ਕ ਦੌਰਾਨ ਆਧਾਰ ਨੰਬਰ ਦੇਣਾ ਸਵੈ-ਇੱਛਾ 'ਤੇ ਨਿਰਭਰ ਕਰੇਗਾ। ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀ ਵਿਸ਼ੇਸ਼, ਜਿਸ ਦੀ ਨਾਗਰਿਕਤਾ ਬਾਰੇ ਕੋਈ ਸ਼ੱਕ-ਸ਼ੁਬ੍ਹਾ ਹੋਵੇਗਾ, ਉਸ ਦੀ ਕੋਈ ਤਸਦੀਕ ਨਹੀਂ ਕੀਤੀ ਜਾਵੇਗੀ। ਇਸ ਦੌਰਾਨ ਸੰਸਦ ਦੇ ਦੋਵਾਂ ਸਦਨਾਂ ਵਿੱਚ ਸੀਏਏ, ਐੱਨਪੀਆਰ, ਸੰਸਦ ਮੈਂਬਰ ਅਨੰਤ ਕੁਮਾਰ ਹੇਗੜੇ ਸਮੇਤ ਹੋਰਨਾਂ ਭਾਜਪਾ ਆਗੂਆਂ ਦੀ ਭੜਕਾਊ ਬਿਆਨਬਾਜ਼ੀ ਤੇ ਨਿ-ਰਭਯਾ ਕੇਸ ਸਮੇਤ ਹੋਰਨਾਂ ਮੁੱਦਿਆਂ 'ਤੇ ਸੱਤਾਧਾਰੀ ਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਵਿਚਾਲੇ ਤਿੱਖੀਆਂ ਝੜਪਾਂ ਹੋਈਆਂ। ਸਰਕਾਰ ਨੇ ਸੀਏਏ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਸਰਕਾਰੀ ਤੇ ਨਿੱਜੀ ਜਾਇਦਾਦ ਨੂੰ ਪੁੱਜੇ ਨੁਕਸਾਨ ਸਬੰਧੀ ਰਿਪੋਰਟ ਲੋਕ ਸਭਾ ਵਿੱਚ ਰੱਖੀ। ਇਸ ਤੋਂ ਪਹਿਲਾਂ ਜਿਉਂ ਹੀ ਲੋਕ ਸਭਾ ਜੁੜੀ ਤਾਂ ਕਾਂਗਰਸ ਸਮੇਤ ਹੋਰਨਾਂ ਵਿਰੋਧੀ ਪਾਰਟੀਆਂ ਨੇ ਅਨੰਤ ਹੇਗੜੇ ਵੱਲੋਂ ਲੰਘੇ ਦਿਨ ਬੰਗਲੌਰ ਵਿਚ ਇਕ ਸਮਾਗਮ ਦੌਰਾਨ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਖਾਸਾ ਰੌਲਾ ਰੱਪਾ ਪਾਇਆ। ਕਾਂਗਰਸ, ਡੀਐੱਮਕੇ ਤੇ ਐੱਨਸੀਪੀ ਨੇ ਹੇਗੜੇ ਵਿਵਾਦ ਨੂੰ ਚੁੱਕਣ ਦੀ ਮੰਗ ਕੀਤੀ, ਪਰ ਸਪੀਕਰ ਓਮ ਬਿਰਲਾ ਨੇ ਇਸ ਦੀ ਇਜਾਜ਼ਤ ਨਾ ਦਿੱਤੀ। ਸਪੀਕਰ ਨੇ ਮਗਰੋਂ ਸਦਨ ਨੂੰ ਦੁਪਹਿਰ ਤਕ ਲਈ ਮੁਲਤਵੀ ਕਰ ਦਿੱਤਾ। ਉਂਜ ਸਦਨ ਨੇ ਓਮਾਨ ਦੇ ਸੁਲਤਾਨ ਕਾਬੂਸ ਬਿਨ ਸਮੇਤ ਹੋਰਨਾਂ ਵਿੱਛੜੀਆਂ ਰੂਹਾਂ ਨੂੰ ਮੌਨ ਰਹਿ ਕੇ ਸ਼ਰਧਾਂਜਲੀ ਵੀ ਦਿੱਤੀ। ਸਦਨ ਮੁੜ ਜੁੜਿਆ ਤਾਂ ਕਾਂਗਰਸ ਸੰਸਦੀ ਦਲ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਹੇਗੜੇ ਵੱਲੋਂ ਮਹਾਤਮਾ ਗਾਂਧੀ ਬਾਬਤ ਕੀਤੀਆਂ ਟਿੱਪਣੀਆਂ ਲਈ ਸਰਕਾਰ ਨੂੰ ਘੇਰਿਆ। ਚੌਧਰੀ ਨੇ ਕਿਹਾ ਕਿ ਭਾਜਪਾ ਆਗੂਆਂ ਦੀਆਂ ਟਿੱਪਣੀਆਂ ਮਹਾਤਮਾ ਗਾਂਧੀ ਦਾ 'ਨਿਰਾਦਰ' ਹੈ। ਕਾਂਗਰਸ ਸਮੇਤ ਹੋਰਨਾਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਸਦਨ ਦੇ ਐਨ ਵਿਚਾਲੇ ਆ ਕੇ ਤਖ਼ਤੀਆਂ ਵਿਖਾਈਆਂ ਤੇ ਨਾਅਰੇਬਾਜ਼ੀ ਕੀਤੀ।



**(ਬਾਕੀ ਸਫਾ 10 'ਤੇ)**




**ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਸਮੂਹ ਮਾਨਵਤਾ ਨੂੰ ਗੁਰਪੁਰਬ ਦੀ ਲੱਖ-ਲੱਖ ਵਧਾਈ ਹੋਵੇ ਜੀ**

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਪਿਟਸਬਰਗ ਅਤੇ ਨਿਊਯਾਰਕ ਵਿਖੇ 9 ਫਰਵਰੀ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। **ਹੋਰ ਜਾਣਕਾਰੀ ਲਈ ਇਸ਼ਤਿਹਾਰ ਅੰਦਰ ਦੇਖੋ)**

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ 9 ਫਰਵਰੀ ਨੂੰ ਮਨਾਇਆ ਜਾਵੇਗਾ

**ਪਿਟਸਬਰਗ (ਬਿਊਰੋ)–** ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ 643ਵਾਂ ਪ੍ਰਕਾਸ਼ ਦਿਹਾੜਾ ਪੂਰੀ ਦੁਨੀਆਂ 'ਚ 9 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ। ਇਸ ਤਰ੍ਹਾਂ 9 ਫਰਵਰੀ 2020 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਬਹੁਤ ਹੀ ਸ਼ਰਧਾ ਪੂਰਵਕ ਗੁਰੂ ਘਰ ਵਿਖੇ ਮਨਾਇਆ ਜਾਵੇਗਾ। ਇਸ ਸ਼ੁਭ ਅਵਸਰ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਪੂਰਨ ਤਿਆਰੀਆਂ ਹੋ ਚੁੱਕੀਆਂ ਹਨ।

ਗੁਰੂ ਘਰ ਦੇ ਚੇਅਰਮੈਨ ਸ੍ਰੀ ਜਗਤਾਰ ਸਿੰਘ ਭਾਟੀਆ ਅਤੇ ਪ੍ਰਧਾਨ ਸ੍ਰੀ ਸ਼ਿੰਦਰਪਾਲ ਨਾਰੇਬਟਜੀ ਨੇ ਅਦਾਰਾ 'ਦੇਸ਼ ਦੁਆਬਾ' ਨੂੰ ਦੱਸਿਆ ਕਿ ਗੁਰੂ ਮਹਾਰਾਜ ਜੀ ਆਪਾਰ ਕਿਰਪਾ ਨਾਲ ਸੰਗਤਾਂ 'ਚ ਬਹੁਤ ਸ਼ਰਧਾ ਅਤੇ ਉਤਸ਼ਾਹ ਹੈ। ਇਸ ਸਬੰਧਤ 7 ਫਰਵਰੀ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 8 ਫਰਵਰੀ ਨੂੰ ਸਵੇਰੇ 11 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਉਸ ਉਪਰੰਤ ਹਰ ਸਾਲ ਦੀ ਤਰ੍ਹਾਂ ਸ਼ਾਮ ਨੂੰ ਗੁਰੂ ਘਰ ਦੀ ਪਾਰਕਿੰਗ ਲਾਟ 'ਚ ਪ੍ਰਭਾਤ ਫੇਰੀ ਵੀ ਹੋਵੇਗੀ। ਉਸ ਉਪਰੰਤ ਸ਼ਾਮ ਨੂੰ ਕੀਰਤਨ ਦੀਵਾਨ ਸਜਾਏ ਜਾਣਗੇ, ਜਿਸ ਦੌਰਾਨ ਗੁਰੂ ਘਰ ਦਾ ਕੀਰਤਨੀ ਜਥਾ ਭਾਈ ਗੁਰਨਾਮ ਸਿੰਘ ਜੀ ਤੋਂ ਇਲਾਵਾ ਭਾਈ ਸਾਹਿਬ ਭਾਈ ਨਿਰਭੈ ਸਿੰਘ ਜੀ ਸਾਥੀ ਜਥਾ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। 9 ਫਰਵਰੀ ਐਤਵਾਰ ਵਾਲੇ ਦਿਨ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਜਾਣਗੇ, ਸਰਬੱਤ ਦੇ ਭਲੇ ਲਈ ਅਰਦਾਸ ਹੋਵੇਗੀ ਤੇ ਇਸ ਮਹਾਨ ਸ਼ੁਭ ਦਿਹਾੜੇ ਤੇ ਸਿੱਖ ਪੰਥ ਦੇ ਮਸ਼ਹੂਰ ਕੀਰਤਨੀ ਜਥੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਸ਼੍ਰੀਨਗਰ ਵਾਲੇ ਤੇ ਹੋਰ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਉਹਨਾਂ ਤੋਂ ਇਲਾਵਾ ਹੋਰ ਬੁਲਾਰੇ ਆਪੋ-ਆਪਣੇ ਕੀਮਤੀ ਵਿਚਾਰ ਸਤਿਗੁਰੂ ਰਵਿਦਾਸ ਜੀ ਦੀ ਉਪਮਾ 'ਚ ਰੱਖਣਗੇ। ਤਿੰਨੇ ਦਿਨ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਹੋਰ ਵਧੇਰੇ ਜਾਣਕਾਰੀ ਲਈ ਆਖਰੀ ਸਫੇ ਤੇ ਇਸ਼ਤਿਹਾਰ ਪੜ੍ਹੋ ਜੀ ਜਾਂ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹੋ ਜੀ। ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਆਪ ਆਪਣੇ ਪਰਿਵਾਰ, ਹੋਰ ਜਾਣ ਪਹਿਚਾਣ ਵਾਲੇ ਭੈਣ ਭਰਾਵਾਂ ਨੂੰ ਇਸ ਸ਼ੁਭ ਮੌਕੇ ਤੇ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।





Ambedkar Times and Desh Doaba Fondly Remember Mr. C.L. Chumber on his 4th anniversary
Read more on page 21 and Tributes in Ambedkar Times


Indian Grill
Indiangrillsanleandro.com
Pal343@ yahoo.com
510-878-2704, 510-332-1974 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਆਗਮਨ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਨਿਰੰਤਰ ਜਾਰੀ













**ਗੁਰੂ ਪਿਆਰੀ ਸਾਧ ਸੰਗਤ ਜੀ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਆਗਮਨ ਪੂਰਬ ਨੂੰ ਸਮਰਪਿਤ ਗੁਰੂ ਘਰ ਤੋਂ 23 ਜਨਵਰੀ ਤੋਂ ਪ੍ਰਭਾਤ ਫੇਰੀਆਂ ਆਰੰਭ ਕੀਤੀਆਂ ਹੋਈਆਂ ਹਨ। ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸੰਗਤਾਂ ਵਿਚ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ। ਗੁਰਮੁਖ ਪਰਿਵਾਰਾਂ ਵੱਲੋਂ ਆਪਣੇ ਗ੍ਰਹਿ ਵਿਖੇ ਸੰਗਤਾਂ ਦੇ ਚਰਨ ਪੁਆ ਕੇ ਹਰਿ ਜੱਸ ਕੀਰਤਨ ਕਰਵਾਏ ਜਾ ਰਹੇ ਹਨ ਅਤੇ ਸੰਗਤਾਂ ਨੂੰ ਚਾਹ ਦੇ ਲੰਗਰ ਛਕਾਏ ਜਾ ਰਹੇ ਹਨ। ਜਿਸ ਵਿਚ ਭਾਈ ਗੁਰਨਾਮ ਸਿੰਘ ਭੰਡਾਲ, ਸ੍ਰੀ ਬਲਵੀਰ ਸੁੰਮਨ, ਸ੍ਰੀ ਸੁਰਿੰਦਰ ਮਹੇ, ਸ੍ਰੀ ਮਥਰਾ ਦਾਸ, ਸ. ਸ਼ੰਗਾਰਾ ਸਿੰਘ ਰੱਲ੍ਹ, ਸ੍ਰੀ ਪ੍ਰਸ਼ੋਤਮ ਸੂਦ, ਸ੍ਰੀ ਦਲਵਿੰਦਰ ਰੱਲ੍ਹ, ਸ. ਕਸ਼ਮੀਰ ਸਿੰਘ, ਬੀਬੀ ਖੁਸ਼ਦੀਪ ਕੌਰ, ਸ. ਮਹਿੰਦਰ ਸਿੰਘ ਰੱਤੂ, ਸ. ਬਲਵੀਰ ਸਿੰਘ ਸੰਘਾ, ਸ. ਗੁਰਦੀਪ ਸਿੰਘ (ਹੀਰਾ), ਵੱਲੋਂ ਸੇਵਾ ਕੀਤੀ ਗਈ। ਆਉਣ ਵਾਲੇ ਹਫਤਾਵਾਰੀ ਪ੍ਰੋਗਰਾਮ ਵਿਚ ਹਰ ਸਾਲ ਦੀ ਤਰ੍ਹਾਂ ਪੰਜਵਾਂ ਰੈਣ ਸਵਾਈ ਕੀਰਤਨ ਦਰਬਾਰ 8 ਫਰਵਰੀ ਦਿਨ ਸ਼ਨਿਚਰਵਾਰ ਸ਼ਾਮੀ 6 ਵਜੇ ਤੋਂ 12 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀ ਜਥੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਘਰ ਦੇ ਸਥਾਪਨਾਂ ਦਿਵਸ ਨੂੰ ਮਨਾਉਣ ਦੀ ਖੁਸ਼ੀ ਵਿਚ 14 ਫਰਵਰੀ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 16 ਫਰਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ।

**ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ 23 ਫਰਵਰੀ ਨੂੰ ਮਨਾਇਆ ਜਾਵੇਗਾ**

ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ 23 ਫਰਵਰੀ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਮਨਾਏ ਜਾ ਰਹੇ ਹਨ, ਜਿਸ ਵਿਚ 21 ਫਰਵਰੀ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ ਐਤਵਾਰ 23 ਫਰਵਰੀ ਨੂੰ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ-**

**S. Gurnam Singh Bhandal (530) 218-4468, S. Shingara Singh Ralh (530) 713-1823**

**1480 HAYNE AVENUE, YUBA CITY, CA 95993 (530-674-2564)**




ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## Shashi Paul and Family




Shashi Paul with his wife

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।







## ਫਕੀਰ ਚੰਦ ਮਹਿਮੀ ਅਤੇ ਸਮੂਹ ਮਹਿਮੀ ਪਰਿਵਾਰ

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥



# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



ਮੱਖਣ ਸਿੰਘ ਬੈਂਸ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਗਿਆਨੀ ਰਵਿੰਦਰ ਸਿੰਘ


Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com
Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

ਦੇਸ਼ ਦੁਆਬਾ

# ਕੇਂਦਰੀ ਬਜਟ ਅਤੇ ਕਿਸਾਨ

ਕੇਂਦਰੀ ਬਜਟ 'ਚ ਪੰਜਾਬ, ਖ਼ਾਸ ਤੌਰ 'ਤੇ ਕਿਸਾਨਾਂ ਅਤੇ ਸਨਅਤਾਂ ਨੂੰ ਕੁਝ ਖ਼ਾਸ ਨਹੀਂ ਮਿਲਿਆ। ਕਈ ਸਾਲਾਂ ਤੋਂ ਕੇਂਦਰ ਸਰਕਾਰ ਪਾਸੋਂ ਖ਼ਾਸ ਪੈਕੇਜ ਤੇ ਕਿਸਾਨਾਂ ਲਈ ਮਦਦ ਮੰਗ ਰਹੇ ਪੰਜਾਬ ਨੂੰ ਲਗਾਤਾਰ ਦੂਜੇ ਸਾਲ ਨਿਰਾਸ਼ਾ ਹੱਥ ਲੱਗੀ ਹੈ। ਮੋਦੀ ਸਰਕਾਰ ਨੇ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿੱਥਿਆ ਹੈ ਪਰ ਸੱਚਾਈ ਇਹ ਹੈ ਕਿ ਪਿਛਲੇ ਸਾਲ ਕਿਸਾਨਾਂ ਦੀ ਆਮਦਨ ਵਧਣ ਦੀ ਥਾਂ ਘਟੀ ਹੈ। ਬਜਟ ਆਉਣ ਤੋਂ ਬਾਅਦ ਸੂਬਾ ਸਰਕਾਰ ਨੇ ਇਸ ਨੂੰ ਖੋਖਲਾ ਤੇ ਅਕਾਲੀ ਦਲ ਨੇ ਕਿਸਾਨ-ਪੱਖੀ ਅਤੇ ਗ਼ਰੀਬ-ਪੱਖੀ ਬਜਟ ਦੱਸਿਆ ਹੈ। ਕੀ ਕਰਜ਼ੇ ਹੇਠ ਦੱਬੇ ਕਿਸਾਨਾਂ ਲਈ ਇਸ ਬਜਟ ਨੂੰ ਕਿਸਾਨ-ਪੱਖੀ ਕਿਹਾ ਜਾ ਸਕਦਾ ਹੈ? ਬਜਟ 'ਚ ਪ੍ਰਧਾਨ ਮੰਤਰੀ ਕੁਸੁਮ ਯੋਜਨਾ ਅਧੀਨ 20 ਲੱਖ ਕਿਸਾਨਾਂ ਨੂੰ ਸੋਲਰ ਪੰਪ ਲਗਾਉਣ 'ਚ ਮਦਦ ਦਾ ਐਲਾਨ ਕੀਤਾ ਗਿਆ ਹੈ। ਇਹ ਯੋਜਨਾ ਪਿਛਲੇ ਸਾਲ ਤੋਂ ਲਾਗੂ ਹੈ। ਪੰਜਾਬ 'ਚ ਫ਼ਿਲਹਾਲ ਇਸ ਯੋਜਨਾ ਦਾ ਕਿਤੇ ਕੋਈ ਅਸਰ ਨਜ਼ਰ ਨਹੀਂ ਆਉਂਦਾ। ਕੇਂਦਰ ਦੀ ਇਕ ਹੋਰ ਯੋਜਨਾ ਤਹਿਤ ਕਿਸਾਨ ਸੋਲਰ ਪਲਾਂਟਾਂ ਲਈ ਜ਼ਮੀਨ ਪਟੇ 'ਤੇ ਦੇ ਕੇ ਜਾਂ ਸੋਲਰ ਪਲਾਂਟ ਲਗਾ ਕੇ ਬਿਜਲੀ ਪੈਦਾ ਕਰ ਕੇ ਕਮਾਈ ਕਰ ਸਕਦੇ ਹਨ।

ਸਰਕਾਰ ਇਸ ਵਾਸਤੇ ਸਬਸਿਡੀ ਵੀ ਦਿੰਦੀ ਹੈ ਪਰ ਇਨ੍ਹਾਂ ਪਲਾਂਟਾਂ ਲਈ ਜ਼ਮੀਨ ਦੀ ਲੋੜ ਹੈ ਅਤੇ ਇਨ੍ਹਾਂ ਦੀ ਲਾਗਤ ਵੀ ਕਿਸੇ ਇਕੱਲੇ ਕਿਸਾਨ ਦੇ ਵੱਸ ਦੀ ਗੱਲ ਨਹੀਂ। ਇਸ ਤੋਂ ਇਲਾਵਾ 2016 'ਚ ਸ਼ੁਰੂ ਕੀਤੀ ਗਈ ਫ਼ਸਲੀ ਬੀਮਾ ਯੋਜਨਾ ਦੀ ਗੱਲ ਕਰੀਏ ਤਾਂ ਉਸ ਵਿਚ ਕਈ ਖ਼ਾਮੀਆਂ ਹਨ ਜਿਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਪੰਜਾਬ ਦੇ ਕਿਸਾਨਾਂ ਮੁਤਾਬਕ ਇਸ ਯੋਜਨਾ ਦਾ ਪੂਰਾ ਫ਼ਾਇਦਾ ਉਨ੍ਹਾਂ ਨੂੰ ਨਹੀਂ ਮਿਲ ਰਿਹਾ। ਸੰਨ 2014 'ਚ ਸਰਕਾਰ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਲਈ 14 ਯੋਜਨਾਵਾਂ ਦਾ ਐਲਾਨ ਕੀਤਾ ਸੀ ਜਿਨ੍ਹਾਂ 'ਚੋਂ 2019 ਤਕ 7 ਸ਼ੁਰੂ ਹੋਈਆਂ। ਦੋ ਸ਼ੁਰੂ ਹੀ ਨਹੀਂ ਹੋ ਸਕੀਆਂ ਅਤੇ 5 'ਤੇ ਕੰਮ ਚੱਲ ਰਿਹਾ ਸੀ। ਕਿਸਾਨਾਂ ਦੀ ਹਾਲਤ ਸੁਧਾਰਨ ਲਈ ਕੇਂਦਰ ਸਰਕਾਰ ਨੇ ਬਜਟ 'ਚ ਕਈ ਐਲਾਨ ਕੀਤੇ ਹਨ ਪਰ ਇਹ ਸੂਬੇ ਦੇ ਕਿਸਾਨਾਂ ਦੀ ਮਾਲੀ ਹਾਲਤ 'ਤੇ ਕੋਈ ਅਸਰ ਪਾਉਣਗੇ, ਅਜਿਹਾ ਲੱਗਦਾ ਨਹੀਂ।

ਸੂਬਾ ਸਰਕਾਰ ਨੇ ਵੀ ਕਿਸਾਨਾਂ ਲਈ ਕੁਝ ਖ਼ਾਸ ਨਹੀਂ ਕੀਤਾ ਹੈ। ਉਸ ਨੇ ਜੋ ਕਰਜ਼ੇ ਮਾਫ਼ ਕੀਤੇ ਹਨ ਉਨ੍ਹਾਂ ਦਾ ਬਹੁਤ ਥੋੜ੍ਹੇ ਕਿਸਾਨਾਂ ਨੂੰ ਲਾਭ ਹੋਇਆ ਹੈ। ਸਨਅਤਾਂ ਦੀ ਗੱਲ ਕਰੀਏ ਤਾਂ ਕੇਂਦਰ ਵੱਲੋਂ ਜਿੱਥੇ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਣ ਤੋਂ ਹੱਥ ਖਿੱਚੇ ਜਾ ਰਹੇ ਹਨ ਉੱਥੇ ਹੀ ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਨੂੰ ਮਿਲੀਆਂ ਖ਼ਾਸ ਰਿਆਇਤਾਂ ਕਾਰਨ ਪੰਜਾਬ ਦੀਆਂ ਕਾਫੀ ਸਨਅਤਾਂ ਉੱਥੇ ਚਲੀਆਂ ਗਈਆਂ ਹਨ। ਬਜਟ 'ਚ ਰੇਲਾਂ ਦੇ ਮਾਮਲੇ 'ਚ ਵੀ ਪੰਜਾਬ ਦੀ ਅਣਦੇਖੀ ਕੀਤੀ ਗਈ ਹੈ। ਤੇਜਸ ਵਰਗੀਆਂ 100 ਪ੍ਰਾਈਵੇਟ ਰੇਲਗੱਡੀਆਂ ਦਾ ਐਲਾਨ ਕੀਤਾ ਗਿਆ ਹੈ ਪਰ ਉਨ੍ਹਾਂ 'ਚੋਂ ਇਕ ਵੀ ਪੰਜਾਬ ਲਈ ਨਹੀਂ ਹੈ। ਮਾਹਰਾਂ ਦਾ ਮੰਨਣਾ ਹੈ ਕਿ ਕਿਸਾਨਾਂ ਤੇ ਸਨਅਤਾਂ ਦੀ ਹਾਲਤ ਸੁਧਾਰੇ ਬਿਨਾਂ ਦੇਸ਼ ਦੀ ਹਾਲਤ ਨਹੀਂ ਸੁਧਰ ਸਕਦੀ। ਆਜ਼ਾਦ ਭਾਰਤ ਦੇ ਇਤਿਹਾਸ 'ਚ ਜੀਡੀਪੀ ਦੀ ਹਾਲਤ ਉਦੋਂ ਹੀ ਖ਼ਰਾਬ ਹੋਈ ਜਦੋਂ ਸਨਅਤਾਂ ਤੇ ਕਿਸਾਨਾਂ ਦੀ ਹਾਲਤ ਬਦਤਰ ਹੋਈ। ਉਦੋਂ ਹੀ ਦੇਸ਼ 'ਚ ਬੇਰੁਜ਼ਗਾਰੀ ਤੇ ਮਹਿੰਗਾਈ ਵਧੀ।

ਇਸ ਬਜਟ 'ਚ ਭਾਵੇਂ ਮੋਦੀ ਸਰਕਾਰ ਵੱਲੋਂ ਕਿਸਾਨਾਂ ਤੇ ਕਾਰੋਬਾਰੀਆਂ ਲਈ ਕਈ ਯੋਜਨਾਵਾਂ ਦਾ ਐਲਾਨ ਕੀਤਾ ਗਿਆ ਹੈ ਪਰ ਇਹ ਉਦੋਂ ਹੀ ਸਾਰਥਕ ਸਿੱਧ ਹੋਣਗੀਆਂ ਜਦੋਂ ਕਿਸਾਨਾਂ ਦੀ ਮਾਲੀ ਹਾਲਤ ਸੁਧਰੇਗੀ ਤੇ ਸਨਅਤਾਂ ਰਫ਼ਤਾਰ ਫੜਨਗੀਆਂ। ਜੇ ਸਰਕਾਰ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਤੇ ਸਨਅਤਾਂ ਨੂੰ ਹੁੰਗਾਰਾ ਦੇਣ ਦੇ ਟੀਚੇ ਨੂੰ ਹਾਸਲ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਦਿਨ-ਰਾਤ ਇਕ ਕਰਨਾ ਪਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-125

## ਗੰਗਾ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

"ਮਹਾਨਕੋਸ਼ ਅਨੁਸਾਰ ਗੰਗਾ ਭਾਰਤ ਦੀ ਪ੍ਰਸਿੱਧ ਨਦੀ ਜੋ ਹਿੰਦੂਮਤ 'ਚ ਅਤਿ ਪਵਿਤ੍ਰ ਮੰਨੀ ਗਈ ਹੈ। ਇਹ ਗੋਮੁਖ ਚਸ਼ਮਾ ਜੋ ਹਰਦੁਆਰਾ ਤੋਂ ੧੯੦ ਮੀਲ ਉੱਪਰ ੧੩੯੦੦ ਫੁੱਟ ਲੰਬਾਈ ਚੋਂ ਨਿਕਲਦੀ, ਰਸਤੇ 'ਚ ਕਈ ਜਲਧਾਰਾਂ ਨੂੰ ਨਾਲ ਮਿਲਾਂਦੀ ਹੋਈ ਹਰਦੁਆਰੇ ਦੇ ਥਾਂ ਤੇ ਭਾਰੀ ਨਦੀ ਬਣ ਜਾਂਦੀ ਤੇ ਕਈ ਅਸਥਾਨਾਂ ਚੋਂ ੧੫੫੦ ਮੀਲ ਵਹਿੰਦੀ ਗੰਗਾਸਾਗਰ ਦੇ ਸੰਗਮ ਪੁਰ ਸਮੁੰਦਰ ਨਾਲ ਜਾ ਮਿਲਦੀ ਹੈ।" ਇਸ ਨਾਲ ਬਹੁਤ ਮਿਥਿਹਾਸਕ ਕਥਾ ਕਹਾਣੀਆਂ ਜੁੜੀਆਂ ਨੇ ਜਿਵੇਂ ਗੰਗਾ ਦਾ ਇਸ਼ਨਾਨ ਪਾਪ ਦੂਰ ਕਰਦਾ ਤੇ ਮੁਰਦੇ ਦੀਆਂ ਹੱਡੀਆਂ ਇਸ 'ਚ ਪ੍ਰਵਾਹ ਕਰਨ ਨਾਲ ਮੁਕਤੀ ਹੁੰਦੀ ਹੈ।

ਵਿਕੀਪੀਡੀਆ ਗਿਆਨ ਕੋਸ਼ ਅਨੁਸਾਰ ਭਾਰਤ ਦੀ ਸਭ ਤੋਂ ਮਹੱਤਵਪੂਰਣ ਨਦੀ ਗੰਗਾ, ਜੋ ਭਾਰਤ ਅਤੇ ਬੰਗਲਾਦੇਸ਼ ਵਿੱਚ ਮਿਲ ਕੇ ੨੫੧੦ ਕਿ.ਮੀ. ਦੀ ਦੂਰੀ ਤੈਅ ਕਰਦੀ, ਉੱਤ੍ਰਾਂਚਲ 'ਚ ਹਿਮਾਲਾ ਤੋਂ ਲੈ ਕੇ ਬੰਗਾਲ ਦੀ ਖਾੜੀ ਦੇ ਸੁੰਦਰਵਨ ਤੱਕ ਵਿਸ਼ਾਲ ਧਰਤੀ ਭਾਗ ਵਿੱਚੋਂ ਲੰਘਦੀ ਹੈ। ਗੰਗਾ ੨੦੭੧ ਕਿ.ਮੀ. ਤੱਕ ਭਾਰਤ ਅਤੇ ਉਸਦੇ ਬਾਅਦ ਬੰਗਲਾਦੇਸ਼ ਵਿੱਚ ਆਪਣੀ ਲੰਮੀ ਯਾਤਰਾ ਕਰਦੇ ਹੋਏ, ਸਹਾਇਕ ਨਦੀਆਂ ਦੇ ਨਾਲ ਦਸ ਲੱਖ ਵਰਗ ਕਿਲੋਮੀਟਰ ਖੇਤਰਫਲ ਦੇ ਬਹੁਤ ਵਿਸ਼ਾਲ ਉਪਜਾਊ ਮੈਦਾਨ ਦੀ ਰਚਨਾ ਕਰਦੀ ਹੈ। ਸਮਾਜਿਕ, ਸਾਹਿਤਿਕ, ਸੰਸਕ੍ਰਿਤਕ ਅਤੇ ਆਰਥਿਕ ਨਜ਼ਰ ਵਲੋਂ ਅਤਿਅੰਤ ਮਹੱਤਵਪੂਰਨ ਗੰਗਾ ਦਾ ਇਹ ਮੈਦਾਨ ਆਪਣੀ ਘਣੀ ਜਨਸੰਖਿਆ ਦੇ ਕਾਰਨ ਵੀ ਜਾਣਿਆ ਜਾਂਦਾ ਹੈ। ਸੌ ਫੁੱਟ ਦੀ ਗਹਿਰਾਈ ਵਾਲੀ ਇਹ ਨਦੀ ਹਿੰਦੂਮਤ 'ਚ ਪਵਿਤ੍ਰ ਮੰਨੀ ਜਾਂਦੀ ਹੈ। ਇਸ ਨਦੀ ਵਿੱਚ ਮੱਛੀਆਂ ਅਤੇ ਸੱਪਾਂ ਦੀਆਂ ਅਨੇਕ ਪ੍ਰਜਾਤੀਆਂ ਹੀ ਨਹੀਂ ਸਗੋਂ ਅਨੋਖੀਆਂ ਡ

ਾਲਫਿਨ ਵੀ ਪਾਈਆਂ ਜਾਂਦੀਆਂ ਹਨ। ਇਹ ਖੇਤੀਬਾੜੀ, ਸੈਰ ਸਾਹਸਿਕ ਖੇਡਾਂ ਅਤੇ ਉਦਯੋਗਾਂ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਦਿੰਦੀ ਅਤੇ ਆਪਣੇ ਤੱਟ 'ਤੇ ਵਸੇ ਸ਼ਹਿਰਾਂ ਦੀ ਜਲਪੂਰਤੀ ਵੀ ਕਰਦੀ ਹੈ। ਇਸਦੇ ਤੱਟ 'ਤੇ ਵਿਕਸਿਤ ਧਾਰਮਿਕ ਥਾਂ ਅਤੇ ਤੀਰਥ ਭਾਰਤੀ ਸਾਮਾਜਕ ਵਿਵਸਥਾ ਦੇ ਵਿਸ਼ੇਸ਼ ਅੰਗ ਹਨ। ਇਸ 'ਤੇ ਬਣੇ ਪੁੱਲ, ਬੰਨ੍ਹ ਅਤੇ ਨਦੀ ਪ੍ਰਯੋਜਨਾਵਾਂ ਭਾਰਤ ਦੀ ਬਿਜਲੀ, ਪਾਣੀ ਅਤੇ ਖੇਤੀਬਾੜੀ ਵੱਲੋਂ ਸਬੰਧਤ ਜਰੂਰਤਾਂ ਨੂੰ ਪੂਰਾ ਕਰਦੀਆਂ ਹਨ। ਵਿਗਿਆਨੀ ਮੰਣਦੇ ਨੇ ਕਿ ਇਸ ਨਦੀ ਦੇ ਪਾਣੀ 'ਚ ਬੈਕਟੀਰਿਓਫੇਜ਼ ਨਾਮਕ ਵਿਸ਼ਾਣੂ ਹੁੰਦੇ ਨੇ ਜੋ ਨੁਕਸਾਨਦੇਹ ਜੀਵਾਣੂਆਂ ਅਤੇ ਸੂਖਮ ਜੀਵਾਂ ਨੂੰ ਜਿੰਦਾ ਨਹੀਂ ਰਹਿਣ ਦਿੰਦੇ ਹਨ। ਗੰਗਾ ਦੀ ਇਸ ਬੇਹੱਦ ਸ਼ੁੱਧੀ ਸਮਰੱਥਾ ਅਤੇ ਸਾਮਾਜਕ ਸ਼ਰਧਾ ਦੇ ਬਾਵਜੂਦ ਇਸ ਦਾ ਪ੍ਰਦੂਸ਼ਣ ਰੋਕਿਆ ਨਹੀਂ ਜਾ ਸਕਿਆ ਭਾਂਵੇਂ ਕਿ ਨਵੰਬਰ, ੨੦੦੮ ਵਿੱਚ ਭਾਰਤ ਸਰਕਾਰ ਦੁ-ਆਰਾ ਇਸ ਨੂੰ ਭਾਰਤ ਦੀ ਰਾਸ਼ਟਰੀ ਨਦੀ ਅਤੇ ਇਲਾਹਾਬਾਦ ਅਤੇ ਹਲਦੀਆ ਵਿੱਚ ੧੬੦੦ ਕਿ. ਮੀ. ਗੰਗਾ ਨਦੀ ਜਲ-ਮਾਰਗ ਨੂੰ ਰਾਸ਼ਟਰੀ ਜਲ-ਮਾਰਗ ਘੋਸ਼ਿਤ ਕੀਤਾ ਹੈ।

ਨੋਟ-ਹਰੇਕ ਮੱਤ 'ਚ ਕੁੱਝ ਵਿਸ਼ੇਸ਼ ਸਥਾਨਾਂ ਨੂੰ ਤੀਰਥ ਵਜੋਂ ਮਾਨਤਾ ਪ੍ਰਾਪਤ ਹੈ। ਜਿਵੇਂ ਹਿੰਦੂਆਂ 'ਚ ਗੰਗਾ ਇਸ਼ਨਾਨ, ਕੁੰਭ ਦਾ ਮੇਲਾ, ਇਸਲਾਮ 'ਚ ਕਾਬੇ ਦਾ ਹੱਜ ਤੇ ਅੰ-ਧਵਿਸ਼ਵਾਸ਼ੀ ਸਿੱਖਾਂ ਵਿੱਚ ਸਰੋਵਰ ਇਸ਼ਨਾਨ ਆਦਿਕ।

ਮਿੱਥ ਅਤੇ ਗੁਰ ਉਪਦੇਸ਼-ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥੧॥ ਤੀਰਥਿ ਅਠਸਠਿ ਮਜਨੁ ਨਾਈ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ॥੧॥ ਰਹਾਉ॥ ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥ ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥੨॥ ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥ ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥੩॥ ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥੪॥(੧੨੬੩)

ਭਾਵ ਪ੍ਰਭੂ-ਗਿਆਨ ਤੀਰਥ 'ਚ ਕੀਤੀ ਵਿਚਾਰ ਹੀ ੬੮ ਤੀਰਥਾਂ ਦਾ ਇਸ਼ਨਾਨ ਹੈ। ਜਿਸਨੁੱਖ ਦੀਆਂ ਦੈਵੀ ਅੱਖਾਂ 'ਚ ਸਤਸੰਗਤ ਚੋਂ ਨਿਮਰਤਾ, ਮਿਠਾਸ ਆਦਿਕ ਸ਼ੁਭ ਗੁਣਾਂ ਦੀ ਧੂੜ ਪੈਂਦੀਐ ਉਸ ਅੰਦਰੋਂ ਵਿਕਾਰਾਂ ਦੀ ਮੈਲ ਦੂਰ ਕਰ ਦੇਂਦੀ ਹੈ (ਨੋਟ-ਗੁਰੂ ਗਿਆਨ ਤੀਰਥ 'ਚ ਇਸ਼ਨਾਨ' ਕਰਨ ਤੋਂ ਭਾਵ ਰੱਬੀ ਗੁਣਾਂ ਨੂੰ ਧਾਰਨ ਕਰ ਵਿਕਾਰਾਂ ਦੀ ਮੈਲ ਤੋਂ ਰਹਿਤ ਹੋਣਾ ਹੈ। ਇਸ ਭਾਵ ਨੂੰ ਸ਼ਬਦ ਗੁਰੂ ਗ੍ਰੰਥ ਵਿਖੇ ਇਵੇਂ ਵੀ ਦਰਸਾਇਆ ਹੈ-ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ॥

ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ॥(੧੩੨੮) ਭਾਵ ਗੁਰੂ ਤੀਰਥ ਤੋਂ ਮਿਲਣ ਵਾਲੇ ਗਿਆਨ ਜਲ 'ਚ ਮਨ ਦੀ ਚੁੱਭੀ ਹੀ ਅਠਾਹਠ ਤੀਰਥੀ ਇਸ਼ਨਾਨ ਤੇ ਗੁਰ-ਉਪਦੇਸ਼ ਰੂਪ ਡੂੰਘੇ ਪਾਣੀ ਚੋਂ ਸ਼ੁਭ ਗੁਣਾਂ ਦੇ ਮੋਤੀ, ਜਵਾਹਰਾਂ ਨੂੰ ਜੋ ਸਿੱਖ ਸੱਚੀ ਸਰਧਾ ਨਾਲ ਸੇਂਵਦੈ ਉਹ ਲੱਭ ਲੈਂਦਾ ਹੈ। ਅੱਖਾਂ 'ਚ ਸਤਸੰਗਤ ਦੇ ਚਰਨਾਂ ਦੀ ਧੂੜ ਉੱਡ ਕੇ ਪੈਣ ਤੋਂ ਭਾਵ ਵੀ ਗੁਰ-ਉਪਦੇਸ਼ਾਂ ਦਾ ਵਸਣਾ ਹੈ।

ਗੰਗਾ, ਜਮਨਾ, ਗੋਦਾਵਰੀ, ਸਰਸ੍ਵਤੀ ਆਦਿਕ ਮੰਨੀਆਂ ਪਵਿੱਤ੍ਰ ਨਦੀਆਂ ਇਹ ਸਾਰੀਆਂ ਸਤਿਸੰਗੀਆਂ ਦੇ ਚਰਨਾਂ ਦੀ ਧੂੜ ਹਾਸਲ ਕਰਨ ਲਈ ਜਤਨ ਕਰਦੀਆਂ ਤੇ ਅਨੇਕ ਵਿਕਾਰਾਂ ਦੀ ਮੈਲ ਨਾਲ ਲਿਬੜੇ ਜੋ ਜੀਵ ਸਾਡੇ 'ਚ ਮੁਕਤ ਜਾਂ ਪਵਿਤ੍ਰ ਹੋਣ ਲਈ ਆ ਚੁੱਭੀਆਂ ਲਾਂਦੇ ਹਨ। ਪ੍ਰਚਲਤ ਧਾਰਨਾ ਅਨੁਸਾਰ ਭਗੀਰਥ ਨੇ ਗੰਗਾ ਨੂੰ ਸੁਰਗ ਚੋਂ ਲਿਆਂਦਾ ਸੀ। ਗੁਰੂ ਸਾਹਿਬ ਨੇ ਕੇਵਲ ਇਹ ਗੱਲ ਦਰਸਾਉਣ ਲਈ ਕਿ ਤੀਰਥਾਂ ਆਦਿਕ ਦੀ ਮਹਿਮਾਂ ਸਤਸੰਗੀਆਂ ਕਾਰਨ ਦਾ ਦ੍ਰਿਸ਼ਟਾਂਤ ਦਿੱਤੈ ਤੇ ਦ੍ਰਿਸ਼ਟਾਂਤ ਦਾ ਹਮੇਸ਼ਾਂ ਇੱਕ ਪੱਖ ਹੀ ਲਿਆ ਜਾਂਦਾ ਹੈ। ਇਸ ਲਈ ਗੁਰੂ ਸਾਹਿਬ ਗੰਗਾ ਬਾਰੇ ਪ੍ਰਚਲਤ ਧਾਰਨਾ ਦਾ ਹਵਾਲਾ ਦੇ ਰਹੇ ਨੇ ਨਾ ਕਿ ਪ੍ਰਚਲਤ ਧਾਰਨਾ ਦੀ ਪ੍ਰੋੜਤਾ ਕਰਦੇ ਹਨ। ਦੇਵਤਿਆਂ ਨੇ ਜਿਤਨੇ ਭੀ ਤੀਰਥ ਅਸਥਾਪਨ ਕੀਤੇ ਉਹ ਸਾਰੇ ਸਤਸੰਗੀਆਂ ਦੀ ਚਰਨ ਧੂੜ ਤਾਂਘਦੇ ਰਹਿੰਦੇ ਹਨ। ਹੇ ਮੇਰੇ ਮਾਲਕ ! ਤੇਰੀ ਪੈਦਾ ਕੀਤੀ ਸਾਰੀ ਸ੍ਰਿਸ਼ਟੀ ਗੁਰ-ਚਰਨਾਂ ਦੀ ਧੂੜ ਪ੍ਰਾਪਤ ਕਰਨ ਲਈ ਤਾਂਘ ਕਰਦੀ ਹੈ। ਹੇ ਨਾਨਕ! ਜਿਸ ਮਨੁੱਖ ਦੇ ਮੱਥੇ 'ਤੇ ਲੇਖ ਲਿਖਿਆ ਹੋਵੇ, ਪ੍ਰਭੂ ਉਸ ਨੂੰ ਗੁਰੂ-ਸਾਧੂ ਦੀ ਸਿਖਿਆ ਰੂਪ ਚਰਨ-ਧੂੜ ਦੇ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥(੮੯੦) ਹੇ ਭਾਈ! ਜਿੱਥੇ ਗੁਰਮੁਖ ਮਨੁੱਖ ਆਪਣੇ ਪੈਰ ਧਰਦੇ ਨੇ ਉਹ ਥਾਂ ਅਠਾਹਠ ਤੀਰਥ ਸਮਝੋ ਕਿਉਂਕਿ ਜਿੱਥੇ ਸਤਸੰਗੀ ਜਨ ਪ੍ਰਭੂ ਨਾਮ (ਨੇਮ-ਨਿਯਮ) ਦਰਸਾਉਂਦੇ ਨੇ ਉਹ ਥਾਂ ਸੱਚਖੰਡ ਬਣ ਜਾਂਦਾ ਹੈ।

ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਸ਼ਰਧਾਲੂਆਂ ਦੇ ਪਾਪਾਂ ਦੀ ਮੈਲ ਨਹੀਂ ਲਹਿੰਦੀ ਕੇਵਲ ਸਰੀਰ ਹੀ ਸਾਫ ਹੁੰਦਾ ਹੈ। ਲੋਭੀ, ਚੁਗਲਖੋਰ, ਨਿਰਦਈ, ਦੰਭੀ, ਬੇਈਮਾਨ, ਰਿਸ਼ਵਤਖੋਰ ਆਦਿ ਤੀਰਥਾਂ 'ਤੇ ਇਸ਼ਨਾਨ ਕਰਕੇ ਵੀ ਲੋਭੀ, ਨਿਰਦਈ, ਬੇਈਮਾਨ ਆਦਿ ਹੀ ਰਹਿੰਦੇ ਨੇ ਕਿਉਂਕਿ-ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨ-ਾਤਿਆ ਚੋਰ ਸਿ ਚੋਰਾ ਚੋਰ॥(੭੮੯) ਅਰਥਾਤ ਜੇ ਖੋਟੇ ਮਨ ਨਾਲ ਤੀਰਥਾਂ ਤੇ ਨ੍ਹਾਉਣ ਤੁਰ ਪਏ ਤੇ ਸਰੀਰ 'ਚ ਕਾਮਾਦਿਕ ਚੋਰ ਭੀ ਟਿਕੇ ਰਹੇ ਤਾਂ ਨ੍ਹਾਉਣ ਨਾਲ ਸਰੀਰ ਦੀ ਬਾਹਰਲੀ ਮੈਲ ਦੁਪ ਗਈ ਪਰ ਮਨ 'ਚ ਅਹੰਕਾਰ ਆਦਿਕ ਦੀ ਦੂਣੀ ਮੈਲ ਹੋਰ ਚੜ੍ਹ ਗਈ। ਇਹ ਤੁੰਮੀ ਵਾਲਾ ਹਾਲ ਹੀ ਹੋਇਆ ਜੋ ਬਾਹਰੋਂ ਤਾਂ ਧੁਪੀ ਪਰ ਅੰਦਰੋਂ ਕੁੜੱਤਣ ਨਾਲ ਭਰੀ ਰਹੀ। ਭਲੇ ਮਨੁੱਖ ਤਾਂ ਤੀਰਥ ਨ੍ਹਾਉਣ ਤੋਂ ਬਿਨਾਂ ਹੀ ਭਲੇ ਤੇ ਚੋਰ ਤੀਰਥ ਨ੍ਹਾਹ ਕੇ ਭੀ ਚੋਰ ਹੀ ਹਨ।

ਹੋਰ ਦੇਖੋ! ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥੧॥ ਕਾਂਇਆ ਮਾਂਜਸਿ ਕਉਨ ਗੁਨਾਂ॥ ਜਉ ਘਟ ਭੀਤਰਿ ਹੈ ਮਲਨਾਂ॥੧॥ ਰਹਾਉ॥ ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥੨॥(੬੫੬) ਹੇ ਝੂਠੇ!) ਜੇ ਤੇਰੇ ਦਿਲ 'ਚ ਕਪਟ ਦੀ ਮੈਲ ਹੈ ਤਾਂ ਕੋਈ ਫ਼ਾਇਦਾ ਨਹੀਂ ਕਿ ਤੂੰ ਆਪਣਾ ਸਰੀਰ ਧੋਂਦਾ ਫਿਰੇਂ? ਹੇ ਪਾਖੰਡੀ ਮਨੁੱਖ! ਤੇਰੇ ਮਨ ਵਿੱਚ ਤਾਂ ਠੱਗੀ ਪਰ ਤੂੰ ਮੂਹੋਂ ਬ੍ਰਹਮ ਗਿਆਨ ਦੀਆਂ ਗੱਲਾਂ ਕਰਦਾ ਹੈਂ। ਤੈਨੂੰ ਇਸ ਪਾਣੀ ਰਿੜਕਣ ਤੋਂ ਕੋਈ ਲਾਭ ਨਹੀਂ ਹੋ ਸਕਦਾ ਜਿਵੇਂ ਤੂੰਬੀ ੬੮ ਤੀਰਥਾਂ 'ਤੇ ਇਸ਼ਨਾਨ ਕਰ ਲਏ ਤਾਂ ਭੀ ਉਸ ਦੀ ਕੁੜੱਤਣ ਦੂਰ ਨਹੀਂ ਹੁੰਦੀ।

ਇਵੇਂ ਹੀ-ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥(੫੫੮) ਜੇ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ ਤਾਂ ਸਰੀਰ ਨੂੰ ਤੀਰਥ ਆਦਿਕ ਦੇ ਇਸ਼ਨਾਨ ਕਰਾਣ ਨਾਲ ਮਨ ਪਵਿਤ੍ਰ ਨਹੀਂ ਹੋ ਸਕਦਾ ਪਰ ਇਹ ਸੰਸਾਰ ਤੀਰਥ-ਇਸ਼ਨਾਨ ਤੋਂ ਮਨ ਦੀ ਪਵਿਤ੍ਰਤਾ ਮਿਲ ਜਾਣ ਦੇ ਭੁਲੇਖੇ 'ਚ ਪੈ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਇਸ ਸਚਾਈ ਨੂੰ ਸਮਝਦਾ ਹੈ। ਏਨਾ ਹੀ ਨਹੀਂ ਸਗੋਂ ਜੀਵਨ-ਜੁਗਤ 'ਚ ਤੀਰਥ ਆਦਿ 'ਤੇ ਇਸ਼ਨਾਨ ਕਰਕੇ ਅਜਿਹੀ ਧਾਰਨਾ ਰੱਖਣ ਵਾਲਿਆਂ ਨੂੰ ਕਿਸੇ ਤਰ੍ਹਾਂ ਵੀ ਵਿਸ਼ੇਸ਼ ਜਾਂ ਮਹਾਨ ਮੰਨਣ ਦੀ ਥਾਂ ਜਨਮ ਮਰਨ ਦੇ ਗੇੜ 'ਚ ਪਿਆ ਕਰਾਰ ਦਿੱਤਾ ਹੈ-ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥(੪੮੪) ਪਾਣੀ 'ਚ ਚੁੱਭੀ ਲਾਇਆਂ ਜੇ ਮੁਕਤੀ ਮਿਲ ਸਕਦੀ ਹੋਵੇ ਤਾਂ ਡੱਡੂ ਸਦਾ ਹੀ ਨ੍ਹਾਉਂਦੇ ਤੇ ਜਿਵੇਂ ਡੱਡੂ ਨੇ ਤਿਵੇਂ ਉਹ ਮਨੁੱਖ ਵੀ ਸਦਾ ਜੂਨਾਂ 'ਚ ਪਏ ਰਹਿੰਦੇ ਹਨ।

ਇਸ ਲਈ-ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥੧॥ ਰਹਾਉ॥ ਸ਼ਬਦ ਗੁਰੂ ਗ੍ਰੰਥ 'ਚ ਕਿਸੇ ਵਿਸ਼ੇਸ਼ ਜਗ੍ਹਾ ਨੂੰ ਤੀਰਥ ਕਹਿਣ ਦੀ ਥਾਂ ਪ੍ਰਭੂ ਗੁਣਾਂ ਨੂੰ ਆਪਣੇ ਹਿਰਦੇ 'ਚ ਧਾਰਨ ਕਰਕੇ ਆਪਣੇ ਵਿਹਾਰ ਵਿੱਚ ਪ੍ਰਗਟ ਕਰਨ ਵਾਲਿਆਂ ਨੂੰ ਹੀ ਤੀਰਥਾਂ ਤੋਂ ਪਵਿਤ੍ਰ ਕਿਹਾ ਹੈ-ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥(੧੩੪੫) ਪ੍ਰਭੂ ਨਾਮ-ਰੰਗ 'ਚ ਰੰਗੇ ਬੰਦੇ ਅਸਲੀ ਪਵਿਤ੍ਰ ਤੀਰਥ ਨੇ ਕਿਉਂਕਿ ਉਨ੍ਹਾਂ ਨੇ ਹਉਮੈ ਤੇ ਵਿਕਾਰਾਂ ਦੀ ਮੈਲ ਆਪਣੇ ਮਨ ਚੋਂ ਮੁਕਾ ਲਈ ਹੁੰਦੀ ਹੈ।

ਭਗਤ ਰਵਿਦਾਸ ਜੀ ਬਾਰੇ ਇੱਕ ਸਾਖੀ ਪ੍ਰਚਲਤ ਹੈ ਕਿ ਅਭੀਚ ਪੁਰਬ ਦੇ ਮੌਕੇ 'ਤੇ ਗੰਗਾ ਇਸ਼ਨਾਨ ਕਰਨ ਜਾ ਰਹੇ ਇੱਕ ਬ੍ਰਾਹਮਣ ਸ਼ਰਧਾਲੂ ਨੂੰ ਇੱਕ ਧੇਲਾ ਗੰਗਾ ਦੀ ਭੇਟਾ ਕਰਨ ਲਈ ਦਿੱਤਾ। ਜਦੋਂ ਸ਼ਰਧਾਲੂ ਨੇ ਇਹ ਧੇਲਾ ਗੰਗਾ ਦੀ ਭੇਟਾ ਕਰਨਾ ਚਾਹਿਆ ਤਾਂ ਗੰਗਾ ਨੇ ਆਪਣੀ ਬਾਂਹ ਕੱਢ ਕੇ ਭਗਤ ਜੀ ਦੀ ਇਸ ਪ੍ਰੇਮ ਭੇਟਾ ਨੂੰ ਪ੍ਰਵਾਨ ਕੀਤਾ। ਏਨਾ ਹੀ ਨਹੀਂ ਗੰਗਾ ਨੇ ਬ੍ਰਾਹਮਣ ਨੂੰ ਭਗਤ ਰਵਿਦਾਸ ਜੀ ਲਈ ਇੱਕ ਸੋਨੇ ਦਾ ਕੰਗਣ ਵੀ ਦਿੱਤਾ। ਭਾਈ ਗੁਰਦਾਸ ਜੀ ਨੇ ਵੀ ਇਸ ਘਟਨਾ ਦਾ ਵਰਣਨ ਕਰਦਿਆਂ ਲਿਖਿਆ ਹੈ-ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ॥

ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ॥ ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜ ਅਮੇਟਾ॥ ਲਇਆ ਕਸੀਰਾ ਹਥਿ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ॥ ਭਗਤ ਜਨਾਂ ਹਰਿ ਮਾਂ ਪਿਉ ਬੇਟਾ॥(ਵਾਰ ੧੦, ਪਉੜੀ ੧੭)

ਭਾਈ ਜੀ ਇਸ ਘਟਨਾ ਨੂੰ ਉਸ ਰੂਪ 'ਚ ਨਹੀਂ ਦੇਖਦੇ ਜਿਸ ਰੂਪ ਵਿੱਚ ਆਮ ਲੋਕ ਦੇਖਦੇ ਜਾਂ ਸਮਝਦੇ ਨੇ ਕਿਉਂਕਿ ਉਹ ਗੁਰਮਤਿ ਦੀ ਜੀਵਨ-ਜੁਗਤ ਵਰਣਨ ਕਰਦਿਆਂ ਇਹ ਹੀ ਦ੍ਰਿੜ ਕਰਵਾਂਦੇ ਨੇ ਕਿ ਭਗਤ ਜਨ ਤੀਰਥਾਂ ਤੋਂ ਉਤਮ ਤੇ ਗਿਆਨ-ਭਗਤੀ 'ਚ ਲੀਨ ਹੋਣ ਕਰਕੇ ਉਹ ਅਸਲ ਤੀਰਥ ਨੇ ਜੋ ਮਨੁੱਖੀ ਮਨ ਨੂੰ ਠੰਢ ਪਾਉਂਦੇ ਹਨ। ਇਸ ਲਈ ਕਿਸੇ ਵਿਸ਼ੇਸ਼ ਤੀਰਥ 'ਤੇ ਜਾਣ ਦੀ ਲੋੜ ਨਹੀਂ ਸਗੋਂ ਰੱਬੀ ਗੁਣ ਹਿਰਦੇ 'ਚ ਵਸਾਉਣੇ ਹੀ ਜੀਵਨ-ਮੁਕਤੀ ਹੈ।

"ਤੀਰਥ ਵਡਾ ਕਿ ਹਰਿ ਕਾ ਦਾਸ" ਦੁਆਰਾ ਇਹ ਦ੍ਰਿੜ ਕਰਵਾਇਆ ਗਿਐ ਕਿ ਤੀਰਥ ਵੱਡੇ ਨਹੀਂ ਸਗੋਂ ਹਰੀ-ਦਾਸ ਹੀ ਵੱਡੇ ਨੇ ਕਿਉਂਕਿ ਤੀਰਥਾਂ ਦੀ ਮਹਿਮਾਂ ਹਰੀ-ਦਾਸਾਂ ਕਾਰਨ ਹੀ ਹੈ। ਇਸ ਲਈ ਗੁਰੂ ਹੀ ਸਭ ਤੋਂ ਵੱਡਾ ਤੀਰਥ ਹੈ-ਗੁਰ ਸਮਾਨਿ ਤੀਰਥੁ ਨਹੀ ਕੋਇ॥ ਸਰੁ ਸੰਤੋਖੁ ਤਾਸੁ ਗੁਰੁ ਹੋਇ॥ ਅਰਥਾਤ ਗੁਰੂ ਦੇ ਬਰਾਬਰ ਦਾ ਹੋਰ ਕੋਈ ਤੀਰਥ ਨਹੀਂ ਤੇ ਗੁਰੂ ਹੀ ਸੰਤੋਖ-ਰੂਪ ਸਰੋਵਰ ਹੈ।

ਇਕ ਵਾਰ ਗੁਰੂ ਨਾਨਕ ਸਾਹਿਬ ਹਿੰਦੂ ਤੀਰਥ ਹਰਿਦੁਆਰ ਪਹੁੰਚੇ ਜੋ ਗੰਗਾ ਕੰਢੇ 'ਤੇ ਹੈ। ਹਿੰਦੂ ਲੋਕ ਮਰੇ ਹੋਏ ਪ੍ਰਾਣੀਆਂ ਦੀਆਂ ਹੱਡੀਆਂ ਗੰਗਾ 'ਚ ਪਾਉਂਦੇ ਸਮਝਦੇ ਹਨ ਕਿ ਇਸ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ ਪਰ ਇਹ ਉਨ੍ਹਾਂ ਦਾ ਭੁਲੇਖਾ ਤੇ ਵਹਿਮ ਹੀ ਹੈ। ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਵਿਸਾਖੀ ਦਾ ਮੇਲਾ ਲੱਗਾ ਹੋਇਆ ਸੀ। ਲੋਕੀਂ ਗੰਗਾ 'ਚ ਇਸਨਾਨ ਕਰ ਰਹੇ ਸਨ। ਬਹੁਤ ਸਾਰੇ ਲੋਕ ਦਰਿਆ 'ਚ ਖੜ੍ਹੇ ਹੋ ਕੇ ਚੜ੍ਹਦੇ ਪਾਸੇ ਪੂਰਬ ਵੱਲ ਸੂਰਜ ਵੱਲ ਪਾਣੀ ਦੇ ਬੁੱਕ ਸੁੱਟ ਰਹੇ ਸਨ। ਲੋਕ ਸਮਝਦੇ ਸਨ ਕਿ ਇਸ ਤਰ੍ਹਾਂ ਸੁਟਿਆ ਹੋਇਆ ਪਾਣੀ ਉਨ੍ਹਾਂ ਦੇ ਮਰ ਚੁੱਕੇ ਵਡੇਰਿਆਂ ਨੂੰ ਪਿੱਤਰ ਲੋਕ 'ਚ ਪਹੁੰਚ ਰਿਹਾ ਹੈ। ਗੁਰੂ ਸਾਹਿਬ ਦਾ ਗੱਲ ਸਮਝਾਉਣ ਦਾ ਢੰਗ ਬੜਾ ਨਿਰਾਲਾ ਤੇ ਉਹ ਗੰਗਾ 'ਚ ਖੜ੍ਹੇ ਹੋ ਕੇ ਲਹਿੰਦੇ ਪਾਸੇ (ਪੱਛਮ ਵੱਲ) ਪਾਣੀ ਸੁੱਟਣ ਲੱਗੇ। ਲੋਕਾਂ ਵਾਸਤੇ ਇਹ ਇੱਕ ਨਵੀਂ ਤੇ ਅਨੋਖੀ ਗੱਲ ਸੀ ਕਿਉਂਕਿ ਪਹਿਲਾਂ ਕਿਸੇ ਨੇ ਕਦੀ ਕਿਸੇ ਨੂੰ ਇਸ ਤਰ੍ਹਾਂ ਕਰਦਾ ਨਹੀਂ ਸੀ ਵੇਖਿਆ। ਲੋਕ ਗੁਰੂ ਜੀ ਦੇ ਦੁਆਲੇ ਆ ਇਕੱਠੇ ਹੋਏ ਤੇ ਗੁਰੂ ਜੀ ਨੂੰ ਪੱਛਿਆ ਕਿ ਤੁਸੀਂ ਇਹ ਕੀ ਕਰਦੇ ਹੋ? ਗੁਰੂ ਜੀ ਨੇ ਉਨ੍ਹਾਂ ਦੀ ਗੱਲ ਅਣਸੁਣੀ ਕਰ ਦਿੱਤੀ ਤੇ ਪਾਣੀ ਸੁੱਟੀ ਗਏ। ਇਸ ਤਰ੍ਹਾਂ ਲੋਕਾਂ ਦਾ ਇਕੱਠ ਵੱਧਦਾ ਗਿਆ ਤੇ ਵੱਡੀ ਭੀੜ ਬਣ ਗਈ।

ਇਕ ਆਦਮੀ ਨੇ ਅਗਾਂਹ ਹੋ ਕੇ ਗੁਰੂ ਜੀ ਦੀ ਬਾਂਹ ਫੜ ਕਿਹਾ ਕਿ ਤੁਸੀਂ ਪਾਣੀ ਕਿੱਧਰ ਸੁੱਟਦੇ ਹੋ? ਗੁਰੂ ਜੀ ਆਖਿਆ ਕਿ ਤੁਸੀਂ ਸਭ ਕਿੱਧਰ ਸੁੱਟ ਰਹੇ ਹੋ? ਉਹ ਕਹਿਣ ਲੱਗੇ ਕਿ ਅਸੀਂ ਤਾਂ ਚੜ੍ਹਦੇ (ਸੂਰਜ ਵੱਲ) ਮੂੰਹ ਕਰਕੇ ਆਪਣੇ ਮਰ ਚੁੱਕੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ ਤਾਂ ਗੁਰੂ ਜੀ ਬੋਲੇ ਉਹ ਕਿੱਥੇ ਤੇ ਇਥੋਂ ਕਿੰਨੀ ਦੂਰ ਹਨ? ਲੋਕਾਂ ਜੁਆਬ ਦਿੱਤਾ ਕਿ ੮੮ ਹਜਾਰ ਯੋਜਨ ਕੋਹਾਂ ਦੂਰ ਤਾਂ ਗੁਰੂ ਜੀ ਬੋਲੇ ਕਿ ਮੇਰੀ ਖੇਤੀ ਤਾਂ ਤਲਵੰਡੀ 'ਚ ਕਰੀਬ ੩੦੦ ਕੋਹ ਦੀ ਵਿੱਥ ਤੇ ਹੈ। ਮੈਂ ਉਸ ਨੂੰ ਪਾਣੀ ਦੇ ਰਿਹਾ ਹਾਂ। ਇਹ ਕਹਿ ਕੇ ਗੁਰੂ ਜੀ ਫੇਰ ਲਹਿੰਦੇ ਵੱਲ ਪਾਣੀ ਸੁੱਟਣ ਲੱਗ ਪਏ।ਲੋਕੀਂ ਖਿੜ-ਖਿੜ ਕੇ ਹੱਸੇ ਤੇ ਕਹਿਣ ਲੱਗੇ ਕਿ ਤੁਹਾਡੀ ਖੇਤੀ ਤਲਵੰਡੀ 'ਚ ਤੇ ਇਥੋਂ ਸੁੱਟਿਆ ਪਾਣੀ ਐਡੀ ਦੂਰ ਕਿਵੇਂ ਪਹੁੰਚੇਗਾ? ਗੁਰੂ ਜੀ ਨੇ ਉੱਤਰ ਦਿੱਤਾ ਜਿਵੇਂ ਤੁਹਾਡਾ ਸੁੱਟਿਆ ਪਾਣੀ, ਪਿਤਰ ਲੋਕ 'ਚ ਅਪੜੇਗਾ ਉਵੇਂ ਹੀ ਮੇਰਾ ਪਾਣੀ ਤਲਵੰਡੀ ਪਹੁੰਚ ਜਾਵੇਗਾ ਤਾਂ ਲੋਕਾਂ ਨੂੰ ਆਪਣੀ ਅਗਿਆਨਤਾ ਸਮਝ ਆ ਗਈ ਕਿ ਮਰੇ ਹੋਏ ਪਿਤਰਾਂ ਨੂੰ ਪਾਣੀ ਦੇਣ ਵਾਲੀ ਕਹਾਣੀ ਝੂਠੀ ਹੈ। ਸੂਰਜ ਕੋਈ ਦੇਵਤਾ ਨਹੀਂ।ਗੁਰੂ ਸਾਹਿਬ ਨੇ ਸਭ ਨੂੰ ਸੱਚ-ਧਰਮ ਦਾ ਮਾਰਗ ਦੱਸਿਆ ਕਿ ਕਰਤੇ ਨੂੰ ਯਾਦ ਰੱਖਦੇ ਨੇਕ ਕੰਮ ਕਰੋ। ਇਹ ਵੀ ਸਮਝ-ਾਇਆ ਕਿ ਕੋਈ ਉੱਪਰ ਪਿੱਤਰ ਲੋਕ ਨਹੀਂ ਅਤੇ ਹੋਰਨਾਂ ਦਾ ਕੀਤਾ ਪਾਠ, ਦਾਨ-ਪੁੰਨ ਮਰ ਚੁੱਕੇ ਪ੍ਰਾਣੀ ਦਾ ਕੁਝ ਵੀ ਸਵਾਰ ਨਹੀਂ ਸਕਦਾ ਕਿਉਂਕਿ ਇਸ ਜੀਵਨ 'ਚ ਕੀਤੇ ਭਲੇ ਕੰਮ ਹੀ ਮਨੁੱਖ ਦੇ ਕੰਮ ਆਉਂਦੇ ਹਨ।

ਗੰਗਾ ਆਦਿਕ ਨਦੀਆਂ, ਤੀਰਥ ਜਾਂ ਸਰੋਵਰ ਨਹਾਉਣ ਤੇ ਪਾਣੀ ਦੀ ਜਰੂਰਤ ਲਈ ਨੇ ਨਾ ਕਿ ਮੁਕਤੀ ਜਾਂ ਪੂਜਾ ਪ੍ਰਤਿਸ਼ਟਾ ਲਈ ਪਰ ਅਜੋਕੇ ਬਹੁਤੇ ਸੰਤ ਸੇਵੀ, ਸੰਪ੍ਰਦਾਈ, ਅਗਿਆਨੀ ਤੇ ਅੰਨ੍ਹੀ ਸ਼ਰਧਾ ਵਾਲੇ ਸਿੱਖ ਵੀ ਤੀਰਥਾਂ, ਸਰੋਵਰਾਂ ਤੇ ਵਿਸ਼ੇਸ਼ ਨਦੀਆਂ ਥਾਵਾਂ ਨੂੰ ਪੁਜਾਰੀ ਬਾਮਣ ਵਾਂਗ ਹੀ ਪੂਜਦੇ ਆਪਣਾ ਕੀਮਤੀ ਸਮਾਂ ਤੇ ਪੈਸਾ ਬਰਬਾਦ ਕਰਦੇ ਡੇਰੇਦਾਰ ਭੇਖੀ ਸਾਧਾਂ ਸੰਤਾਂ ਤੇ ਸੰਪਰਦੀਆਂ ਨੂੰ ਹੀ ਪ੍ਰਮੋਟ ਕਰ ਰਹੇ ਹਨ। ਸੋ ਗੰਗਾ ਇਕ ਨਦੀ ਹੈ ਜਿਸ ਦਾ ਪਾਣੀ ਨੌਹਣ-ਧੋਣ ਤੇ ਖੇਤ ਸੰਚਾਈ ਆਦਿਕ ਲਈ ਵਰਤਿਆ ਜਾ ਸਕਦੈ ਨਾ ਕਿ ਪਾਪ ਦੂਰ ਕਰਨ ਲਈ ਪਰ ਗੁਰਮਤਿ ਦੀ ਗਿਆਨ ਗੰਗਾ ਵਿਕਾਰਾਂ ਦੀ ਮੈਲ ਦੋਂਧੀ ਤੇ ਹਿਰਦੇ ਦੇ ਦੈਵੀ ਗੁਣਾਂ ਦੀ ਖੇਤੀ ਨੂੰ ਸਿੰਜਦੀ ਹੈ। ਬ੍ਰਾਹਮਣੀ ਗੰਗਾ 'ਚ ਹਿੰਦੂ ਹੀ ਸਰੀਰਕ ਇਸ਼ਨਾਨ ਕਰ ਸਕਦੈ ਪਰ ਗੁਰਮਤਿ-ਗਿਆਨ ਗੰਗਾ 'ਚ ਸਾਰੇ ਹੀ ਆਤਮ-ਇਸ਼ਨਾਨ ਕਰ ਸਕਦੇ ਹਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਪ ਤੇ ਭਾਜਪਾ ਵਿਚਕਾਰ ਸਿਮਟ ਕੇ ਰਹਿ ਗਈਆਂ ਦਿੱਲੀ ਚੋਣਾਂ

**ਨਵੀਂ ਦਿੱਲੀ (ਬਿਊਰੋ)–** 8 ਫਰਵਰੀ ਨੂੰ ਹੋਣ ਜਾ ਰਹੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਤੇ ਭਾਜਪਾ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ। ਦਿੱਲੀ ਦੇ ਵੱਖ-ਵੱਖ ਖੇਤਰਾਂ 'ਚ ਲੋਕਾਂ ਨਾਲ ਕੀਤੀ ਗੱਲਬਾਤ ਤੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਦਿੱਲੀ ਚੋਣਾਂ ਵਿਚ 2015 ਵਾਂਗ ਇਸ ਵਾਰ ਵੀ ਤਿੰਨ ਧਿਰੀ ਨਹੀਂ ਸਗੋਂ 'ਆਪ' ਤੇ ਭਾਜਪਾ ਦਰਮਿਆਨ ਸਿੱਧੀ ਟੱਕਰ ਦੇ ਆਸਾਰ ਦਿਖਾਈ ਦੇ ਰਹੇ ਹਨ। ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਲਈ ਇਹ ਲੜਾਈ ਇਸ ਪੱਖੋਂ ਵਾਟਰਲੂ ਦੀ ਲੜਾਈ ਹੈ ਕਿਉਂਕਿ ਇਹ ਚੋਣ ਹਾਰਨ ਨਾਲ ਉਸ ਦੇ ਵਜੂਦ ਨੂੰ ਹੀ ਖਤਰਾ ਖੜ੍ਹਾ ਹੋ ਜਾਵੇਗਾ, ਪਰ ਜਿੱਤ ਉਸ ਨੂੰ ਕੌਮੀ ਪੱਧਰ'ਤੇ ਮੁੜ ਉਭਾਰਨ ਲਈ ਹੁਲਾਰਾ ਦੇਵੇਗੀ। 9 ਮਹੀਨੇ ਪਹਿਲਾਂ ਸਪੱਸ਼ਟ ਬਹੁਮੱਤ ਹਾਸਲ ਕਰਕੇ ਲੋਕ ਸਭਾ ਵਿਚ ਪੁੱਜੀ ਭਾਜਪਾ ਲਈ ਦਿੱਲੀ 'ਚ ਹਾਰ ਵੱਡਾ ਝਟਕਾ ਸਾਬਤ ਹੋ ਸਕਦੀ ਹੈ ਤੇ ਦੇਸ਼ ਵਿਚ ਵਧ ਰਹੀ ਅਸੰਤੁਸ਼ਟੀ ਨੂੰ ਹੋਰ ਵਧਾ ਸਕਦੀ ਹੈ। ਜੇਕਰ ਭਾਜਪਾ ਦੀ ਕਾਰਗੁਜ਼ਾਰੀ ਚੰਗੀ ਰਹਿੰਦੀ ਹੈ ਤਾਂ ਮਹਾਰਾਸ਼ਟਰ ਤੇ ਝਾਰਖੰਡ ਦੀ ਹਾਰ ਨਾਲ ਪੈਦਾ ਹੋਈ ਨਮੋਸ਼ੀ ਘਟ ਸਕਦੀ ਹੈ। ਇਸ ਪੱਖੋਂ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਨੇ ਚੋਣਾਂ ਜਿੱਤਣ ਲਈ ਪੂਰੀ ਤਾਕਤ ਝੋਕ ਦਿੱਤੀ ਹੈ।



ਭਾਰਤੀ ਜਨਤਾ ਪਾਰਟੀ ਨੇ ਦਿੱਲੀ ਫਤਹਿ ਕਰਨ ਲਈ ਦੇਸ਼ ਭਰ ਦੀ ਸਮੁੱਚੀ ਪਾਰਟੀ ਲੀਡਰਸ਼ਿਪ ਨੂੰ ਚੋਣ ਮੁਹਿੰਮ 'ਚ ਉਤਾਰ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ੁਦ ਸਮੁੱਚੀ ਚੋਣ ਮੁਹਿੰਮ ਦੀ ਕਮਾਨ ਸੰਭਾਲੀ ਬੈਠੇ ਹਨ। 11 ਰਾਜਾਂ ਦੇ ਭਾਜਪਾ ਮੁੱਖ ਮੰਤਰੀ, ਸਭ ਰਾਜਾਂ ਦੇ ਪ੍ਰਧਾਨ ਤੇ ਅਹਿਮ ਆਗੂ ਲੋਕ ਸਭਾ ਤੇ ਰਾਜ ਸਭਾ ਦੇ ਸਾਰੇ ਭਾਜਪਾ ਮੈਂਬਰਾਂ ਨੂੰ ਹਲਕੇ ਵੰਡ ਕੇ ਨਿਯੁਕਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਵੀ ਰੈਲੀਆਂ ਕਰਨ 'ਚ ਜੁਟ ਗਏ ਹਨ।

ਸਿਆਸੀ ਹਲਕਿਆਂ 'ਚ ਚਰਚਾ ਹੈ ਕਿ ਅਮਿਤ ਸ਼ਾਹ ਤੇ ਕੇਂਦਰੀ ਮੰਤਰੀਆਂ ਦੇ ਮੁਹੱਲਿਆਂ ਵਿਚ ਘੁੰਮਣ ਤੋਂ ਪਤਾ ਲਗਦਾ ਹੈ ਕਿ ਭਾਜਪਾ ਆਗੂਆਂ ਵਿਚ ਘਬਰਾਹਟ ਹੈ। ਸਾਰੇ ਯਤਨਾਂ ਦੇ ਬਾਵਜੂਦ ਭਾਜਪਾ ਨੇਤਾਵਾਂ ਨੂੰ ਲੋਕਾਂ ਦੇ ਚੰਗੇ ਹੁਲਾਰੇ ਦਾ ਭਰੋਸਾ ਨਹੀਂ ਬੱਝ ਰਿਹਾ। ਵੱਡੀ ਗੱਲ ਇਹ ਹੈ ਕਿ ਭਾਜਪਾ ਅਜੇ ਤੱਕ ਦਿੱਲੀ 'ਚ ਮੁੱਖ ਮੰਤਰੀ ਚਿਹਰਾ ਲੋਕਾਂ ਸਾਹਮਣੇ ਨਹੀਂ ਰੱਖ ਸਕੀ। ਨਾਗਰਿਕਤਾ ਸੋਧ ਕਾਨੂੰਨ ਤੇ ਹੋਰ ਕਈ ਮਸਲਿਆਂ 'ਤੇ ਚੱਲ ਰਹੇ ਰੋਸ ਪ੍ਰਦਰਸ਼ਨ ਵੀ ਭਾਜਪਾ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ। ਦਿੱਲੀ ਦੇ ਲੋਕ ਕੇਜਰੀਵਾਲ ਸਰਕਾਰ ਵਲੋਂ ਕੀਤੇ ਕੰਮਾਂ ਦੇ ਬੇਹੱਦ ਪ੍ਰਸ਼ੰਸਕ ਹਨ। ਇਹ ਸ਼ਾਇਦ ਪਹਿਲੀਆਂ ਚੋਣਾਂ ਹਨ, ਜਿਨ੍ਹਾਂ ਵਿਚ ਲੋਕ ਦੱਬ ਕੇ ਬਿਨਾਂ ਕਿਸੇ ਹਿਚਕਚਾਹਟ ਦੇ ਇਹ ਕਹਿੰਦੇ ਸੁਣੇ ਜਾ ਰਹੇ ਹਨ ਕਿ ਕੀਤੇ ਕੰਮਾਂ ਦੇ ਆਧਾਰ 'ਤੇ ਉਹ 'ਆਪ' ਨੂੰ ਹੀ ਵੋਟ ਪਾਉਣਗੇ। ਭਾਜਪਾ ਤੇ ਕਾਂਗਰਸ ਦੋਵਾਂ ਪਾਰਟੀਆਂ ਨੂੰ ਕੇਜਰੀਵਾਲ ਸਰਕਾਰ ਦੇ ਕੀਤੇ ਕੰਮਾਂ ਬਾਰੇ ਗੱਲ ਕਰਨ 'ਚ ਵੱਡੀ ਮੁਸ਼ਕਿਲ ਆ ਰਹੀ ਹੈ। ਸੋਮਵਾਰ ਤੇ ਮੰਗਲਵਾਰ ਨੂੰ ਦੋ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰੈਲੀਆਂ ਨੂੰ ਮਿਲੇ ਮੱਠੇ ਹੁੰਗਾਰੇ ਤੋਂ ਬਾਅਦ ਭਾਜਪਾ ਨੇਤਾਵਾਂ ਦੀਆਂ ਮੱਥੇ ਦੀਆਂ ਤਿਊੜੀਆਂ ਵਧ ਗਈਆਂ ਨਜ਼ਰ ਆ ਰਹੀਆਂ ਹਨ। ਭਾਜਪਾ ਦੇ ਕੇਂਦਰੀ ਮੰਤਰੀ ਤੇ ਨੇਤਾ ਜਾਵੜੇਕਰ ਵਰਗਿਆਂ ਵਲੋਂ 'ਆਪ' ਦੇ ਮੁਖੀ ਕੇਜਰੀਵਾਲ 'ਤੇ ਪੰਜਾਬ ਚੋਣਾਂ ਦੌਰਾਨ 'ਖਾੜਕੂਆਂ' ਦੇ ਘਰਾਂ ਵਿਚ ਠਹਿਰਨ ਵਰਗੇ ਦੋਸ਼ ਲਗਾਉਣੇ ਦਿੱਲੀ 'ਚ ਉਨ੍ਹਾਂ ਕੋਲ 'ਆਪ' ਵਿਰੁੱਧ ਪ੍ਰਚਾਰ ਲਈ ਕੁਝ ਠੋਸ ਕਹਿਣ ਵਾਲਾ ਨਾ ਹੋਣ ਦਾ ਹੀ ਸੰਕੇਤ ਦਿੰਦਾ ਹੈ।

## '20ਵਾਂ ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਜ਼ੋਰਾਂ 'ਤੇ -ਧਾਲੀਵਾਲ



**ਫਰਿਜ਼ਨੋਂ (ਕੁਲਵੀਰ ਹੇਅਰ) –** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਗਦਰੀ ਬਾਬਿਆਂ ਦੀ ਮਿੱਠੀ 'ਤੇ ਨਿੱਘੀ ਯਾਦ ਵਿਚ 29 ਮਾਰਚ ਨੂੰ ਕਰਵਾਏ ਜਾ ਰਹੇ '20ਵਾਂ ਮੇਲਾ ਗਦਰੀ ਬਾਬਿਆਂ ਦਾ' ਦੇ ਸਬੰਧ ਵਿਚ ਫੋਰਮ ਦੇ ਵਾਇਸ ਪ੍ਰਧਾਨ ਨਵਦੀਪ ਧਾਲੀਵਾਲ ਨੇ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ। ਉਹਨਾਂ ਅੱਗੇ ਦੱਸਿਆ ਕਿ ਸਮੂਹ ਭਾਰਤੀ ਭਾਈਚਾਰੇ ਵਲੋਂ ਇਸ ਸਬੰਧੀ ਪੂਰਾ ਸਹਿਯੋਗ ਮਿਲ ਰਿਹਾ ਹੈ।ਯਾਦ ਰਹੇ ਕਿ ਇਹ 20ਵਾਂ ਮੇਲਾ ਕਾਲੇ ਪਾਣੀ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ ਹੈ ਅਤੇ ਇਸ ਮੇਲੇ ਦੇ ਮੁੱਖ ਬੁਲਾਰੇ ਪ੍ਰੋ. ਜਗਮੋਹਨ ਸਿੰਘ ਹੋਣਗੇ। ਮੇਲੇ ਦੌਰਾਨ ਸਥਾਨਕ ਕਲਾਕਾਰ ਸੱਤੀ ਪਾਬਲਾ, ਰਾਜ ਬਰਾੜ, ਹਰਜੀਤ ਸਿੰਘ ਮਰਸਿਡ ਆਦਿ ਇਨਕਲਾਬੀ ਗਾਇਕੀ ਪ੍ਰੋਗਰਾਮ ਪੇਸ਼ ਕਰਨਗੇ ਅਤੇ ਬੱਚਿਆਂ ਵਲੋਂ ਗੀਤ, ਕਵਿਤਾ, ਗਿੱਧਾ, ਭੰਗੜਾ, ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਬੁੱਧੀਜੀਵੀ ਬੁਲਾਰਿਆਂ ਵਲੋਂ ਜਾਣਕਾਰੀ ਭਰਪੂਰ ਤਕਰੀਰਾਂ ਕੀਤੀਆਂ ਜਾਣਗੀਆਂ। ਸਮੂਹ ਪ੍ਰਬੰਧ ਕਮੇਟੀ ਵਲੋਂ ਸੈਂਟਰਲ ਵੈਲੀ ਦੀਆਂ ਸਮੂਹ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਮੇਲੇ ਵਿਚ ਪੁੱਜਣ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ ਹੈ। ਇਸ ਮੌਕੇ ਵਿੱਦਿਆ ਵਿਚ ਚੰਗੇ ਨੰਬਰਾਂ ਤੇ ਪਾਸ ਹੋਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਵਧੇਰੇ ਜਾਣਕਾਰੀ ਲਈ 559-287-0822 ਤੇ ਕਾਲ ਕੀਤੀ ਜਾ ਸਕਦੀ ਹੈ।

## ਸਿਆਟਲ ਵਿਚ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ




**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਸਮੁੱਚੀ ਸੰਗਤ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਸੋਹਣ ਸਿੰਘ, ਭਾਈ ਮਨਿੰਦਰ ਸਿੰਘ ਤੇ ਭਾਈ ਦਵਿੰਦਰਪਾਲ ਸਿੰਘ ਨੇ ਰਸ ਭਿੰਨਾ ਕੀਰਤਨ ਕਰਕੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਜੀਵਨ ਦਾ ਇਤਿਹਾਸ ਸੁਣਾਇਆ ਅਤੇ ਗੁਰੂ ਦਾ ਜੱਸ ਗਾਇਨ ਕੀਤਾ। ਭਾਈ ਮੋਹਨ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਟੇਜ ਤੋਂ ਹਰਸਿੰਦਰ ਸਿੰਘ ਸੰਧੂ ਨੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਸਮੁੱਚੀ ਸੰਗਤ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ। ਭਾਰੀ ਗਿਣਤੀ ਵਿਚ ਸੰਗਤ ਨੇ ਪਹੁੰਚ ਕੇ ਹਾਜ਼ਰੀ ਲਗਵਾਈ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri
9:00 AM to 6:00 PM
Saturday
9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹਫਤਾਵਾਰੀ ਸਮਾਗਮ ਹੋਇਆ

**ਸ੍ਰੀ ਅਨੰਦਪੁਰ ਸਹਿਬ (ਬਿਊਰੋ)–** ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਪ੍ਰਚਾਰ ਲਹਿਰ ਅਧੀਨ ਦੋਆਬਾ ਜੋਨ ਦਾ ਹਫਤਾਵਾਰੀ ਸਮਾਗਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਇਆ। ਬੀਬੀ ਰਾਜਵੰਤ ਕੌਰ ਦੇ ਢਾਡੀ ਜੱਥੇ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾ ਕੇ ਨਿਹਾਲ ਕੀਤਾ। ਭਾਈ ਸਤਨਾਮ ਸਿੰਘ ਦਰਦੀ ਦੇ ਕਵੀਸ਼ਰੀ ਜੱਥੇ ਵੱਲੋਂ ਸੰਗਤ ਨੂੰ ਗੁਰ-ਇਤਿਹਾਸ ਸਰਵਣ ਕਰਵ-ਾਇਆ ਗਿਆ। ਭਾਈ ਸੁਖਦੇਵ ਸਿੰਘ ਪ੍ਰਚਾਰਕ ਅਤੇ ਭਾਈ ਨੌਸ਼ੇਵਰਜੀਤ ਸਿੰਘ ਪ੍ਰਚਾਰਕ ਵੱਲੋਂ ਸਾਂਝੇ ਤੌਰ ਤੇ ਸਟੇਜ ਦੀ ਸੇਵਾ ਨਿਭਾਈ ਗਈ। ਡਾ: ਪਰਮਜੀਤ ਸਿੰਘ ਸਰੋਆ ਵਧੀਕ ਸਕੱਤਰ ਦੋਆਬਾ ਜੋਨ ਨੇ ਦੱਸਿਆ ਕਿ ਨਵੰਬਰ 2020 ਵਿੱਚ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾਂ ਦਾ 100ਵਾਂ ਵਰ੍ਹਾ ਆ ਰਿਹਾ ਹੈ। ਜਿਸਨੂੰ ਵੱਡੀ ਪੱਧਰ ਤੇ ਮਨਾਉਣ ਦੀਆਂ ਤਿਆਰੀਆਂ ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਜਾਰੀ ਹਨ।ਉਨ੍ਹਾਂ ਦੱਸਿਆਂ ਕਿ ਅੱਜ ਹੋਏ ਅੰਮ੍ਰਿਤ ਸੰਚਾਰ ਮੌਕੇ 56 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਹਲਕਾ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਸਮਾਗਮਾਂ ਦੀ ਸਫਲਤਾ ਲਈ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਲਵਿੰਦਰ ਸਿੰਘ, ਜਸਵਿੰਦਰ ਸਿੰਘ, ਹਰਮਿੰਦਰ ਸਿੰਘ, ਜਸਬੀਰ ਸਿੰਘ ਮੈਨੇਜਰ, ਐਡਵੋਕੇਟ ਹਰਦੇਵ ਸਿੰਘ, ਮੀਤ ਮੈਨੇਜਰ ਲਖਵਿੰਦਰ ਸਿੰਘ, ਦਲਜੀਤ ਸਿੰਘ, ਸੰਜੀਵ ਸਿੰਘ, ਅਮਨਦੀਪ ਸਿੰਘ ਆਦਿ ਹਾਜਰ ਸਨ। ਇਸ ਮੌਕੇ ਬੀਬੀ ਰਾਜਵੰਤ ਕੌਰ ਦੇ ਢਾਡੀ ਜੱਥੇ ਦਾ ਸਨਮਾਨ ਵੀ ਕੀਤਾ ਗਿਆ। **ਅਮਨਦੀਪ ਸਿੰਘ, 98151-99053**



# ਜਰਖੜ ਹਾਕੀ ਅਕੈਡਮੀ ਨੇ ਬਾਬਾ ਬਕਾਲਾ ਹਾਕੀ ਕੱਪ ਜਿੱਤਿਆ

ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਨੇ ਸਾਲ 2020 ਦੀ ਪਹਿਲੀ ਮਾਣਮੱਤੀ ਪ੍ਰਾਪਤੀ ਹਾਸਲ ਕਰਦਿਆਂ ਸਵਰਗੀ ਬਲਵਿੰਦਰ ਸਿੰਘ ਅਤੇ ਕੁਲਵੰਤ ਸਿੰਘ ਦੀ ਯਾਦ ਨੂੰ ਸਮਰਪਿਤ ਬਾਬਾ ਬਕਾਲਾ ਗੋਲਡ ਕੱਪ ਹਾਕੀ ਟੂਰਨਾਮੈਂਟ ਵਿੱਚ ਖਿਤਾਬੀ ਜਿੱਤ ਹਾਸਲ ਕਰਦਿਆਂ ਗੋਲਡ ਟਰਾਫੀ ਅਤੇ ਇਕਵੰਜਾ ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦਾ ਇਨਾਮ ਜਿੱਤਿਆ ਜਰਖੜ ਹਾਕੀ ਅਕਾਦਮੀ ਨੇ ਖੇਡੇ ਗਏ ਆਪਣੇ ਮੈਚਾਂ ਵਿੱਚ



ਆਈ ਟੀ ਬੀ ਪੀ ਜਲੰਧਰ ਨੂੰ 4-2 ਗੋਲਾਂ ਨਾਲ ਅਤੇ ਸੈਮੀਫਾਈਨਲ ਮੁਕਾਬਲੇ ਵਿੱਚ ਰੇਲ ਕੋਚ ਫੈਕਟਰੀ ਕਪੂਰਥਲਾ ਨੂੰ 3-2 ਗੋਲਾਂ ਨਾਲ ਅਤੇ ਫਾਈਨਲ ਮੁਕਾਬਲੇ ਵਿੱਚ ਬਾਬਾ ਬਕਾਲਾ ਖ਼ਾਲਸਾ ਹਾਕੀ ਕਲੱਬ ਨੂੰ 4-1 ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ ਜਰਖੜ ਅਕੈਡਮੀ ਦਾ ਰਵਿੰਦਰ ਸਿੰਘ ਕਾਲਾ "ਮੈਨ ਆਫ ਦਾ ਟੂਰਨਾਮੈਂਟ" ਅਤੇ ਜਗਤਾਰ ਸਿੰਘ ਟੂਰਨਾਮੈਂਟ ਦਾ ਸਰਵੋਤਮ ਗੋਲਕੀਪਰ ਬਣਿਆ ।ਯਾਦ ਰਹੇ ਆਲ ਇੰਡੀਆ ਦਸਮੇਸ਼ ਹਾਕਸ ਗੋਲਡ ਕੱਪ ਹਾਕੀ ਟੂਰਨਾਮੈਂਟ ਰੋਪੜ ਜਿੱਤਣ ਤੋਂ ਬਾਅਦ ਜਰਖੜ ਹਾਕੀ ਅਕੈਡਮੀ ਦੀ ਇਹ ਦੂਸਰੀ ਮਾਣਮੱਤੀ ਪ੍ਰਾਪਤੀ ਹੈ ਬਾਬਾ ਬਕਾਲਾ ਹਾਕੀ ਕੱਪ ਵਿੱਚ ਚੈਂਪੀਅਨ ਬਣਨ ਤੇ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਏ, ਆਈ, ਜੀ ,ਇੰਟੈਲੀਜੈਂਸ ਫਿਰੋਜ਼ਪੁਰ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ਮਨਮੋਹਨ ਜੋਧਾਂ ਸਿਆਟਲ ,ਦਲਜੀਤ ਸਿੰਘ ਜਰਖੜ ਕੈਨੇਡਾ ,ਦਪਿੰਦਰ ਸਿੰਘ ਡਿੰਪੀ, ਪਰਮਜੀਤ ਸਿੰਘ ਨੀਟੂ ,ਸ਼ਿੰਗਾਰਾ ਸਿੰਘ ਜਰਖੜ, ਸਿਮਰਨਜੀਤ ਸਿੰਘ ਢਿੱਲੋਂ ,ਯਾਦਵਿੰਦਰ ਸਿੰਘ ਤੂਰ ਹੋਰ ਆਗੂਆਂ ਨੇ ਜਰਖੜ ਅਕੈਡਮੀ ਦੇ ਚੈਂਪੀਅਨ ਬਣਨ ਤੇ ਕੋਚ ਗੁਰਸਤਿੰਦਰ ਸਿੰਘ ਪ੍ਰਗਟ ਅਤੇ ਸਾਰੇ ਟੀਮ ਮੈਂਬਰਾਂ ਨੂੰ ਵਧਾਈ ਦਿੱਤੀ ਹੈ ਅਤੇ ਭਵਿੱਖ ਵਿੱਚ ਹੋਰ ਕਾਮਯਾਬੀ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਹਨ।

# ਜਿੰਮ ਦਾ ਉਦਘਾਟਨ ਅੰਤਰਰਾਸ਼ਟਰੀ ਪਾਵਰਲਿਫਟਰ ਦਾ ਉਦਘਾਟਨ ਰਾਜ ਗੋਗਨਾ ਨੇ ਕੀਤਾ

**ਨਵਾਂ ਸ਼ਹਿਰ (ਬਿਊਰੋ)–** ਜਿਲਾ ਨਵਾਂਸਹਿਰ ਵਿੱਚ ਮਿਤੀ 2 ਫਰਵਰੀ 2020 ਨੂੰ ਡਾਕਟਰ ਤੇਜਿੰਦਰ ਸਿੰਘ ਜੀ ਵਲੋਂ ਨਵਾਂ ਜਿਮ ਖੋਲ੍ਹਿਆ ਗਿਆ। ਜਿਸਦਾ ਉਦਘਾਟਨ ਇੰਟਰਨੈਸਨਲ ਪਾਵਰਲਿਫਟਰ ਏਸ਼ੀਅਨ ਚੈਂਪੀਅਨ, ਕਾਮਨਵੈਲਥ ਚੈਂਪੀਅਨ, ਅਤੇ ਵਰਲਡ ਚੈਂਪੀਅਨ ਸ਼੍ਰੀ ਅਜੈ ਗੋਗਨਾ (ਭੁਲੱਥ) ਵੱਲੋ ਕੀਤਾ ਗਿਆ। ਉਹਨਾਂ ਦੇ ਨਾਲ ਇੰਟਰਨੈਸਨਲ ਪਾਵਰਲਿਫਰ ਸ਼੍ਰੀ ਜਸਵਿੰਦਰ ਸਿੰਘ ਜੀ, ਇੰਟਰਨੈਸਨਲ ਪਾਵਰਲਿਫਟਰ ਸ਼੍ਰੀ ਨਰੇਸ਼ ਪੂਰੀ ਜੀ ਵੀ ਉਚੇਚੇ ਤੌਰ ਤੇ ਪਹੁੰਚੇ। ਤੇ ਉਹਨਾਂ ਦੇ ਜਿੰਮ ਦੀ ਸਾਰੀ ਟੀਮ ਤੇ ਸ਼ਹਿਰ ਦੇ ਹੋਰ ਮੋਹਤਵਾਰ ਸੱਜਣਾ ਵਲੋਂ ਸਵਾਗਤ ਕੀਤਾ ਗਿਆ।



ਇਸ ਮੌਕੇ ਜਿਮ ਦੇ ਕੋਚ ਸ਼੍ਰੀ ਜਤਿੰਦਰ ਸਿੰਘ ਹਿਆਲਾ ਸਟੇਟ ਚੈਂਪੀਅਨ ਬੈਂਚ ਪ੍ਰੈਸ ਤੇ ਸਾਬਤ ਸੂਰਤ ਮਿਸਟਰ ਸਿੱਖ ਬਾਡੀ ਬਿਲਡਰ ਤੇ ਕੋਚ ਸ਼੍ਰੀ ਜਸਪ੍ਰੀਤ ਸਿੰਘ ਤੇ ਹੋਰ ਨੌਜਵਾਨ ਹਾਜਿਰ ਸਨ ਜਿੰਨਾ ਨੇ ਇਹ ਜਿੰਮ ਖੁਲੱਣ ਨਾਲ ਖ਼ੁਸ਼ੀ ਦਾ ਇਜਹਾਰ ਕੀਤਾ ਅਤੇ ਡਾ: ਤੇਜਿੰਦਰ ਸਿੰਘ ਵੱਲੋਂ ਇਲਾਕੇ ਦੇ ਨੋਜਵਾਨਾ ਲਈ ਖੋਲੀ ਜਿੰਮ ਨਾਲ ਨੋਜਵਾਨਾ ਦਾ ਖੇਡਾਂ ਪ੍ਰਤੀ ਲਗਾਅ ਜਾਵੇਗਾ।

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਹੋਈ ਵਿਸ਼ੇਸ਼ ਮੀਟਿੰਗ

**ਹੁਸ਼ਿਆਰਪੁਰ (ਬਿਊਰੋ)–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ ਸਭਾ ਦੇ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਜਗਤ ਨੂੰ ਅਚਨਚੇਤ ਵਿਛੋੜਾ ਦੇ ਗਏ ਸਾਹਿਤਕਾਰ ਡਾ. ਸੁਰਜੀਤ ਹਾਂਸ, ਇੰਦਰ ਸਿੰਘ ਖ਼ਾਮੋਸ਼, ਹਰਬੰਸ ਮਾਛੀਵਾੜਾ, ਡਾ. ਪ੍ਰੇਮ ਸਿੰਘ ਬਜਾਜ, ਡਾ. ਦਲੀਪ ਕੌਰ ਟੀਵਾਣਾ, ਜਸਵੰਤ ਸਿੰਘ ਕੰਵਲ ਹੁਰਾਂ ਦੀ ਨਿੱਘੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਅਰਪਨ ਕੀਤੀ ਗਈ। ਡਾ. ਕਰਮਜੀਤ ਸਿੰਘ ਅਤੇ ਮਦਨ ਵੀਰਾ ਨੇ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਅਤੇ ਰਚਨਾ ਪ੍ਰਕਿਰਿਆ ਬਾਰੇ ਸਾਂਝ ਪੁਆਉਂਦਿਆਂ ਕਿਹਾ ਕਿ ਇਨ੍ਹਾਂ ਲੇਖਕਾਂ ਨੇ ਇੱਕ ਸਦੀ ਪੰਜਾਬੀ ਭਾਸ਼ਾ ਨੂੰ ਅਮੀਰੀ ਦੀ ਚਰਮ ਸੀਮਾ ਤੱਕ ਪਹੁੰਚਾਇਆ ਹੈ। ਇਨ੍ਹਾਂ ਦਾ ਚਲੇ ਜਾਣਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਲਈ ਵੱਡਾ ਘਾਟਾ ਹੈ। ਲੇਖਕਾਂ ਅਤੇ ਵਿਦਵਾਨਾਂ ਨੇ ਦੇਸ਼ ਦੀ ਮੌਜੂਦਾ ਹਾਲਤ ਤੇ ਚਿੰਤਾ ਕਰਦਿਆਂ ਸੀ.ਏ.ਏ., ਐਨ.ਸੀ.ਆਰ. ਅਤੇ ਐਨ.ਪੀ.ਆਰ. ਪ੍ਰਤੀ ਰੋਸ ਜ਼ਾਹਰ ਕਰਦਿਆਂ ਵਿਦਿਆਰਥੀਆਂ ਅਤੇ ਸੰਘਰਸ਼ਸ਼ੀਲ ਲੋਕਾਂ ਵਲੋਂ ਉਸਾਰੀ ਲੋਕ ਲਹਿਰ ਨਾਲ ਇੱਕਜੁਟਤਾ ਪ੍ਰਗਟ ਕੀਤੀ। ਸਭਾ ਵਲੋਂ ਫ਼ੈਸਲਾ ਕੀਤਾ ਗਿਆ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਡਾ. ਜਸਵੰਤ ਰਾਏ ਦੀ ਇਤਿਹਾਸਕ ਪੁਸਤਕ "ਗਦਰੀ ਯੋਧੇ ਤੇ ਆਦਿ ਧਰਮ ਦੇ ਬਾਨੀ -ਬਾਬੂ ਮੰਗੂ ਰਾਮ ਮੁਗੋਵਾਲੀਆ" ਤੇ ਗੋਸ਼ਟੀ ਕਰਵਾਈ ਜਾਵੇਗੀ। ਉਪਰੰਤ ਫ਼ੈਜ਼ ਅਹਿਮਦ ਫ਼ੈਜ਼ ਦੀ ਰਚਨਾ 'ਹਮ ਦੇਖੇਂਗੇ...' ਦੀ ਤਰਜ਼ ਤੇ ਕੁਲਤਾਰ ਸਿੰਘ ਕੁਲਤਾਰ, ਸੋਮਦੱਤ ਦਿਲਗੀਰ, ਡਾ. ਸ਼ਮਸ਼ੇਰ ਮੋਹੀ, ਸੁਰਿੰਦਰ ਕੰਗਵੀ, ਸਤੀਸ਼ ਕੁਮਾਰ, ਲਖਵਿੰਦਰ ਰਾਮ, ਪ੍ਰਿੰ. ਗੁਰਦਿਆਲ ਸਿੰਘ, ਪਰਮਜੀਤ ਕੌਰ ਭੁਲਾਣਾ, ਮੋਹਨ ਸਿੰਘ ਭੁਲਾਣਾ, ਹਰਜਿੰਦਰ ਹਰਗੜ੍ਹੀਆ, ਤ੍ਰਿਪਤਾ ਕੇ. ਸਿੰਘ, ਡਾ. ਸਰਦੂਲ ਸਿੰਘ, ਡਾ. ਸੁਖਦੇਵ ਸਿੰਘ ਢਿੱਲੋਂ ਨੇ ਅਜੋਕੇ ਦੌਰ ਤੇ ਤਿੱਖੀਆਂ ਤਨਜ਼ਾਂ ਕੱਸਦੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ।ਡਾ. ਮਨਮੋਹਨ ਸਿੰਘ ਤੀਰ ਵਲੋਂ 'ਮੇਰਾ ਆਸਟ੍ਰੇਲੀਆ ਸਫ਼ਰਨਾਮਾ' 'ਚੋਂ ਲਾਇਬ੍ਰੇਰੀ ਬਾਰੇ ਭਾਵਪੂਰਤ ਕਾਂਢ ਪੜ੍ਹਿਆ। ਧੰਨਵਾਦੀ ਸ਼ਬਦ ਮਦਨ ਵੀਰਾ ਵਲੋਂ ਆਖੇ ਗਏ।ਪ੍ਰੋਗ੍ਰਾਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਬਹੁਤ ਸਾਰੇ ਵਿਦਵਾਨ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।




## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com


# ਸ਼ਾਹੀਨ ਬਾਗ਼ 'ਚ ਗੋਲੀ ਚਲਾਉਣ ਵਾਲਾ 'ਆਪ' ਦਾ ਮੈਂਬਰ: ਪੁਲਿਸ

ਨਵੀਂ ਦਿੱਲੀ- ਸ਼ਾਹੀਨ ਬਾਗ਼ ਵਿੱਚ ਚੱਲ ਰਹੇ ਨਾਗਰਿਕਤਾ ਕਾਨੂੰਨ ਵਿਰੁੱਧ ਮੁਜ਼ਾਹਰੇ ਵਿੱਚ ਪਿਛਲੇ ਹਫ਼ਤੇ ਮੁਜ਼ਾਹਰਾਕਾਰੀਆਂ ਉੱਤੇ ਗੋਲੀ ਚਲਾਉਣ ਵਾਲਾ ਕਪਿਲ ਬੈਸਲਾ ਆਮ ਆਦਮੀ ਪਾਰਟੀ ਦਾ ਮੈਂਬਰ ਹੈ। ਇਹ ਪ੍ਰਗਟਾਵਾ ਪੁਲਿਸ ਨੇ ਕੀਤਾ ਹੈ। ਕਪਿਲ ਅਤੇ ਉਸ ਦੇ ਪਿਤਾ 2019 ਦੇ ਸ਼ੁਰੂਆਤੀ ਦਿਨਾਂ ਵਿੱਚ 'ਆਪ' ਵਿੱਚ ਸ਼ਾਮਲ ਹੋਏ ਸਨ। ਅੱਜ ਪੁਲੀਸ ਨੇ ਬੈਸਲਾ ਨੂੰ ਚੀਫ ਮੈਟਰੋਪੌਲੀਟਨ ਮੈਜਿਸਟ੍ਰੇਟ ਗੁਰਮੋਹਿਨਾ ਕੌਰ ਦੀ ਅਦਾਲਤ ਵਿੱਚ ਪੇਸ਼ ਕੀਤਾ ਅਤੇ ਅਦਾਲਤ ਨੇ ਉਸ ਦਾ ਦੋ ਦਿਨ ਦਾ ਪੁਲੀਸ ਰਿਮਾਂਡ ਦੇ ਦਿੱਤਾ ਹੈ। ਪੁਲੀਸ ਨੇ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਕਿ ਸ਼ਾਹੀਨ ਬਾਗ਼ ਦੇ ਮੁਜ਼ਾਹਰਾਕਾਰੀਆਂ ਉੱਤੇ ਗੋਲੀ ਚਲਾਉਣਾ ਕਿਸੇ ਵੱਡੀ ਸਾਜਿਸ਼ ਦਾ ਹਿੱਸਾ ਹੋ ਸਕਦਾ ਹੈ। ਡੀਸੀਪੀ (ਅਪਰਾਧ ਸ਼ਾਖਾ) ਰਾਜੇਸ਼ ਦਿਓ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਪਿਲ ਦਾ ਮੋਬਾਈਲ ਫੋਨ ਕਬਜ਼ੇ ਵਿੱਚ ਲਿਆ ਗਿਆ ਹੈ। ਇਸ ਵਿੱਚੋਂ ਮਿਲੇ ਵੱਟ-ਸਐਪ ਡੈਟਾ ਵਿੱਚੋਂ ਕਪਿਲ ਅਤੇ ਉਸ ਦੇ ਪਿਤਾ ਦੀਆਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੁੰਦਿਆਂ ਦੀਆਂ ਫੋਟੋਆਂ ਮਿਲੀਆਂ ਹਨ ਅਤੇ ਹੋਰ ਜਾਂਚ ਕਰਨੀ ਬਾਕੀ ਹੈ। ਇਸ ਮਾਮਲੇ ਉੱਤੇ ਟਿੱਪਣੀ ਕਰਦਿਆਂ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਕਿਹਾ ਕਿ ਅੱਜ ਦੇਸ਼ ਵਾਸੀ ਆਪ ਦਾ ਗੰਦਾ ਚਿਹਰਾ ਦੇਖ ਰਹੇ ਹਨ ਕਿਉਂਕਿ ਮੁਜ਼ਾਹਰਾਕਾਰੀਆਂ ਉੱਤੇ ਗੋਲੀ ਚਲਾਉਣ ਵਾਲਾ ਆਮ ਆਦਮੀ ਪਾਰਟੀ ਦਾ ਮੈਂਬਰ ਨਿਕਲਿਆ ਹੈ। ਦਿੱਲੀ ਭਾਜਪਾ ਨੇ ਬੈਸਲਾ ਦੀ 'ਆਪ' ਲੀਡਰਸ਼ਿਪ ਨਾਲ ਫੋਟੋ ਰਿਲੀਜ਼ ਕਰਦਿਆਂ ਕਿਹਾ, 'ਕੇਜਰੀਵਾਲ ਕਾ ਹਾਥ, ਗੋਲੀ ਚਲਾਨੇ ਵਾਲੋਂ ਕੇ ਸਾਥ'। ਦਿੱਲੀ ਭਾਜਪਾ ਨੇ ਕਿਹਾ, 'ਸ਼ਾਹੀਨ ਬਾਗ਼ ਕੋਈ ਸੰਜੋਗ ਨਹੀਂ, ਬਲਕਿ ਇਕ ਤਜਰਬਾ ਹੈ। ਸ਼ਾਹੀਨ ਬਾਗ਼ ਵਿੱਚ ਗੋਲੀ ਚਲਾਉਣ ਵਾਲਾ 'ਆਪ' ਦਾ ਵਰਕਰ ਨਿਕਲਿਆ।' ਇਸ ਦੌਰਾਨ ਸੀਨੀਅਰ ਭਾਜਪਾ ਆਗੂ ਤੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਦਿੱਲੀ ਪੁਲੀਸ ਨੇ ਆਮ ਆਦਮੀ ਪਾਰਟੀ ਦੀ ਸਾਜ਼ਿਸ਼ ਤੋਂ ਪਰਦਾ ਚੁੱਕ ਦਿੱਤਾ ਹੈ। ਉਨ੍ਹਾਂ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਕਿਹਾ, 'ਆਪ' ਦੇ ਇਰਾਦੇ ਸ਼ੁਰੂਆਤ ਤੋਂ ਹੀ ਸਾਫ਼ ਸਨ ਤੇ ਉਹ ਹਰ ਹਰਬਾ ਵਰਤ ਰਹੇ ਸਨ।' ਜਾਵੜੇਕਰ ਨੇ ਦਾਅਵਾ ਕੀਤਾ ਕਿ 'ਆਪ' ਦੀ ਇਸ ਪੂਰੀ ਸਾਜ਼ਿਸ਼ ਦਾ ਮੰਤਵ 'ਸਮਾਜ ਵਿੱਚ ਵੰਡੀਆਂ ਪਾ ਕੇ ਭਾਈਚਾਰੇ ਵਿੱਚ ਖੌਫ਼ ਪੈਦਾ ਕਰਨਾ ਤੇ ਵੋਟ ਬੈਂਕ ਬਣਾਉਣਾ ਸੀ।'


## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ ਪੜ੍ਹਿਆ-ਲਿਖਿਆ, ਉਮਰ 30 ਸਾਲ, ਕੱਦ 5 ਫੁੱਖ਼ਅ 11 ਇੰਚ, ਸੋਹਣਾ ਸੁਨੱਖਾ, ਇਸ ਵਕਤ ਡੁਬਈ ਵਿਚ ਹੈਵੀ ਡਿਊਟੀ ਟਰੱਕ ਟਰੇਲਰ ਚਲਾ ਰਿਹਾ ਹੈ, ਲਈ ਕੈਨੇਡਾ ਜਾਂ ਅਮਰੀਕਾ ਤੋਂ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਅੰਕਲ ਅਮਰੀਕਾ ਵਿਚ ਸੈਂਟ ਕਰਨ ਵਿਚ ਮਦਦ ਕਰੇਗਾ। ਲੜਕਾ ਫਰਵਰੀ ਵਿਚ 1 ਮਹੀਨੇ ਲਈ ਪੰਜਾਬ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 559-355-4065 ਇੰਡੀਆ- 91-94655-06499

## ਵਰ ਦੀ ਲੋੜ

Suitable Gur Sikh family seeking match for our beautiful, slim and very smart girl, 35 years, 5 feet 4 inch currently working as a Doctor Dentist, looking for similar qualification and qualities in life partner, No caste-bar, please serious enquiries only and
Call (916) 544-4368

# ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ 9 ਫਰਵਰੀ ਨੂੰ ਮਨਾਉਣ ਜਾ ਰਹੀ ਹੈ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ



ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ 9 ਫਰਵਰੀ 2020 ਨੂੰ ਬਹੁਤ ਹੀ ਸ਼ਰਧਾ ਪੂਰਵਕ ਅਤੇ ਧਾਰਮਿਕ ਉਤਸ਼ਾਹ ਨਾਲ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸ਼ੁਭ ਦਿਹਾੜੇ ’ਤੇ 7 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਹੋਣਗੇ, ਜਿਹਨਾਂ ਦੇ ਭੋਗ 9 ਫਰਵਰੀ ਨੂੰ ਪਾਏ ਜਾਣਗੇ। ਇਸ ਉਪਰੰਤ ਪ੍ਰਸਿੱਧ ਕੀਰਤਨੀ ਜਥੇ ਜਿੱਥੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ, ਉਥੇ ਬੁਲਾਰੇ ਗੁਰੂ ਮਹਾਰਾਜ ਜੀ ਦੇ ਜੀਵਨ ’ਤੇ ਚਾਨਣਾ ਪਾਉਣਗੇ। ਚੇਅਰਮੈਨ ਸ੍ਰੀ ਬਲਵੀਰ ਚੌਹਾਨ ਅਤੇ ਪ੍ਰਧਾਨ ਅਸ਼ੋਕ ਮਾਹੀ ਅਨੁਸਾਰ ਸੰਤ ਕ੍ਰਿਸ਼ਨ ਨਾਥ ਜੀ ਡੇਰਾ ਬਾਬਾ ਫੂਲ ਨਾਥ, ਨਾਨਕ ਨਗਰੀ ਚਹੇੜੂ (ਫਗਵਾੜਾ) ਵਾਲੇ ਪਹੁੰਚ ਰਹੇ ਹਨ, ਜੋ 8 ਫਰਵਰੀ ਨੂੰ ਦਿਨ ਸ਼ਨਿਚਰਵਾਰ ਦੇ ਸ਼ਾਮ ਦੇ ਦੀਵਾਨ ਅਤੇ ਗੁਰਪੁਰਬ ਵਾਲੇ ਦਿਨ ਦਿਨ 9 ਫਰਵਰੀ ਦਿਨ ਐਤਵਾਰ ਗੁਰਬਾਣੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਆਪਣੇ ਪਰਿਵਾਰ ਸਮੇਤ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਜੀਵਨ ਸਫਲਾ ਕਰੀਏ ਜੀ।

# ਸ੍ਰੀ ਲਸ਼ਕਰ ਸਿੰਘ ਬੱਧਣ ਦੇ ਗ੍ਰਹਿ ਵਿਖੇ ਸੰਧਿਆ ਫੇਰੀ ਮੌਕੇ ਸੰਗਤਾਂ ਨੇ ਭਰੀਆਂ ਹਾਜ਼ਰੀਆਂ












**ਸੈਕਰਾਮੈਂਟੋ–** ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਜਿੱਥੇ ਗੁਰਪੁਰਬ ਬਹੁਤ ਸ਼ਰਧਾ ਪੂਰਵਕ 9 ਫਰਵਰੀ 2020 ਨੂੰ ਤੇ ਉਸ ਉਪਰੰਤ ਵੀ ਲਗਾਤਾਰ ਪੂਰੇ ਵਿਸ਼ਵ ’ਚ ਮਨਾਏ ਜਾਣਗੇ। ਇਸ ਦੀਆਂ ਤਿਆਰੀਆਂ ’ਚ ਸੰਗਤ ਪੂਰੀ ਸ਼ਰਧਾ ਨਾਲ ਆਪੋ-ਆਪਣੀਆਂ ਸੇਵਾਵਾਂ ਨਿਭਾਅ ਰਹੀਆਂ ਹਨ।

ਹੁਣ ਗੁਰਪੁਰਬ ਦੇ ਨਾਲ ਨਾਲ ਪ੍ਰਭਾਤ ਫੇਰੀਆਂ ਦਾ ਜਿੱਥੇ ਭਾਰਤ ਵਿਚ ਪਹਿਲਾਂ ਨਾਲੋਂ ਜ਼ਿਆਦਾ ਵਧਿਆ ਹੈ, ਉਥੇ ਭਾਰਤ ਤੋਂ ਬਾਹਰਲੇ ਮੁਲਕਾਂ ’ਚ ਵੀ ਸੰਗਤਾਂ ਪ੍ਰਭਾਤ ਫੇਰੀਆਂ ਕੱਢ ਰਹੀਆਂ ਹਨ। ਸੰਧਿਆ ਫੇਰੀਆਂ ਵੀ ਕੱਢ ਰਹੀਆਂ ਹਨ, ਜਿਹਨਾਂ ਵਿਚ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟ. ਦੀਆਂ ਸੰਗਤਾਂ ਵੀ ਕਿਸੇ ਨਾਲੋਂ ਘੱਟ ਨਹੀਂ, ਉਥੋਂ ਦੀਆਂ ਸਭਾਵਾਂ ਆਪੋ-ਆਪਣੇ ਏਰੀਏ ਦੀਆਂ ਸੰਗਤਾਂ ਨਾਲ ਤਾਲਮੇਲ ਬਣਾ ਕੇ ਘਰ-ਘਰ ਪ੍ਰਭਾਤ ਫੇਰੀਆਂ ਤੇ ਸੰਧਿਆ ਫੇਰੀਆਂ ਵੀ ਕੱਢ ਰਹੀਆਂ ਹਨ। ਦਾਸ ਨੂੰ ਪਿਛਲੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੀਆਂ ਸੰਗਤਾਂ ਨਾਲ ਸ੍ਰੀ ਲਸ਼ਕਰ ਸਿੰਘ ਬੱਧਣ ਤੇ ਗ੍ਰਹਿ ਵਿਖੇ ਸੰਧਿਆ ਫੇਰੀ ਦੌਰਾਨ ਜਾਣ ਦਾ ਮਾਣ ਹਾਸਲ ਹੋਇਆ। ਸੰਗਤਾਂ ਵੱਡੀ ਗਿਣਤੀ ’ਚ ਹਾਜ਼ਰ ਹੋ ਕੇ ਸ਼ਬਦ ਸੁਣ ਰਹੀਆਂ ਸਨ ਤੇ ਭਾਈ ਜਸਪਾਲ ਸਿੰਘ ਤੇ ਭਾਈ ਗੁਰਦੀਪ ਸਿੰਘ ਸ਼ਬਦ ਗਾਇਨ ਕਰ ਰਹੇ ਸਨ। ਸਾਰੇ ਆਪੋ ਆਪਣੀ ਵਿੱਤ ਅਨੁਸਾਰ ਮੱਥਾ ਟੇਕਣ ਤੇ ਮਾਇਆ ਭੇਟ ਕਰਦੇ ਹਨ ਜੋ ਗੁਰੂ ਘਰ ਦੀ ਡਿਵੈਲਪਮੈਂਟ ਲਈ ਲਗਾਈ ਜਾਂਦੀ ਹੈ। ਇਸਦੇ ਨਾਲ ਪਰਿਵਾਰਾਂ ਵੱਲੋਂ ਚਾਹ-ਪਾਣੀ ਦੇ ਨਾਲ ਨਾਲ ਸਨੈਕਸ ਵਗੈਰਾ ਵੀ ਵਰਤਾਏ ਜਾਂਦੇ ਹਨ।

# ਪੰਜਾਬ ਬੁੱਧਿਸਟ ਸੁਸਾਇਟੀ ਦੀ ਕਾਦੀਆ (ਲੁਧਿਆਣਾ) ਵਿਖੇ ਮੀਟਿੰਗ




**ਜਲੰਧਰ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ (ਲੁਧਿਆਣਾ) ਦੀ ਮੀਟਿੰਗ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਪੱਤਰਕਾਰੀ ਵਿਚ ਦਿੱਤੀਆਂ ਸੇਵਾਵਾਂ ਦੀ ਪੁਰਜ਼ੋਰ ਪ੍ਰਸੰਸਾ ਕੀਤੀ ਗਈ ਅਤੇ ਪੰਦਰਵਾੜਾ ਅਖਬਾਰ ’ਮੂਕਨਾਇਕ’ ਦੀ ਸਥਾਪਨਾ ਨੂੰ 100 ਸਾਲ ਪੂਰੇ ਹੋਣ ’ਤੇ ਸਭ ਨੂੰ ਵਧਾਈ ਦਿੱਤੀ ਗਈ। ਗਰੀਬ-ਮਜ਼ਦੂਰ, ਦਲਿਤਾਂ ਅਤੇ ਕਮਜ਼ੋਰ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਦੀ ਖਬਰ ਵੱਡੇ ਅਖਬਾਰਾਂ ਵਿਚ ਨਹੀਂ ਸੀ ਛਪਦੀ ਅਤੇ ਉਹਨਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ। ਇਸ ਲਈ ਬਾਬਾ ਸਾਹਿਬ ਡਾ. ਅੰਬੇਡਕਰ ਨੇ 31 ਜਨਵਰੀ 1020 ਨੂੰ ’ਮੂਕਨਾਇਕ’ ਨਾਂ ਦਾ ਅਖਬਾਰ ਕੱਢਿਆ ਤਾਂ ਜੋ ਦਲਿਤਾਂ ਦੇ ਅਧਿਕਾਰਾਂ ਅਤੇ ਸਮੱਸਿਆਵਾਂ ਨੂੰ ਦੁਨੀਆਂ ਦੇ ਸਾਹਮਣੇ ਲਿਆਂਦਾ ਜਾ ਸਕੇ। ’ਮੂਕਨਾਇਕ’ ਦਾ ਅਰਥ ਹੈ ਗੁੰਗਿਆਂ ਦਾ ਨਾਇਕ ਜੋ ਮਰਾਠੀ ਵਿਚ ਛਪਦਾ ਸੀ। 31 ਜਨਵਰੀ 2020 ਨੂੰ 100 ਸਾਲ ਹੋਣ ’ਤੇ ’ਮੂਕਨਾਇਕ’ ਅਖਬਾਰ ਦੀ ਕਾਰਗੁਜ਼ਾਰੀ ਦੀ ਪ੍ਰਸੰਸਾ ਕੀਤੀ ਗਈ। ਇਸ ਅਖਬਾਰ ਨੂੰ ਚਲਾਉਣ ਲਈ ਕੋਹਲਾਪੁਰ ਦੇ ਸ਼ਾਹੂਜੀ ਮਹਾਰਾਜ ਨੇ 2500 ਰੁਪਏ ਦਾਨ ਦਿੱਤਾ ਸੀ। ਇਸ ਅਖਬਾਰ ਤੋਂ ਬਾਅਦ ਵੀ ’ਬਹਿਸ਼ਕਰਿਤ ਭਾਰਤ’, ’ਜਨਤਾ’ ਅਤੇ ’ਪ੍ਰਬੁੱਧ ਭਾਰਤ’ ਨਾਂ ਦੇ ਅਖਬਾਰ ਵੀ ਕੱਢੇ ਗਏ। ਸ੍ਰੀ ਹਰਭਜਨ ਸਾਂਪਲਾ ਐਡਵੋਕੇਟ ਅਤੇ ਸੁਸਾਇਟੀ ਦੇ ਪ੍ਰਧਾਨ ਨੇ ਇਹ ਸਾਰੀ ਜਾਣਕਾਰੀ ਦਿੱਤੀ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਦੀ ਬਦਲੇਗੀ ਨੁਹਾਰ: ਡਿਪਟੀ ਕਮਿਸ਼ਨਰ

**ਜਲੰਧਰ (ਬਿਊਰੋ ਰਿਪੋਰਟ)** ਜਲੰਧਰ ਦੇ ਡਿਪਟੀ ਕਮਿਸ਼ਨਰ ਵਰਿੰਦਰ ਸ਼ਰਮਾ ਨੇ ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਜ਼ਿਲ੍ਹਾ ਜਲੰਧਰ ਵਿੱਚ ਵੱਖ-ਵੱਖ ਮਹਿਕਮਿਆਂ ਦੇ ਉੱਚ ਅਧਿਕਾਰੀਆਂ ਨਾਲ ਵਿਦਿਆਲਿਆ ਮੈਨੇਜਮੈਂਟ ਕਮੇਟੀ ਦੀ ਸਲਾਨਾ ਮੀਟਿੰਗ ਕੀਤੀ ਜਿਸਦੇ ਉਹ ਚੇਅਰਮੈਨ ਹਨ। ਇਸ ਮੀਟਿੰਗ ਵਿੱਚ ਕੁਲਵੰਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) , ਡਾ. ਗੁਰਿੰਦਰ ਕੌਰ ਚਾਵਲਾ ਸਿਵਲ ਸਰਜਨ, ਸੁਰਿੰਦਰ ਸਿੰਘ ਐਕਸੀਅਨ ਪੀ ਡਬਲਿਊ ਡੀ, ਗੁਰਚਰਨ ਸਿੰਘ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ, ਸੀ ਸਤਨਾਮ ਸਿੰਘ ਪ੍ਰਿੰਸੀਪਲ ਸ ਸ ਸ ਸਕੂਲ ਕੁਲਾਰ, ਓਮ ਪ੍ਰਕਾਸ਼ ਯਾਦਵ, ਬਲਜੀਤ ਕੌਰ ਤੇ ਲਖਵਿੰਦਰ ਸਿੰਘ , ਮੈਂਬਰ ਮਾਪੇ ਅਧਿਆਪਕ ਕੌਂਸਲ, ਭੁਪਿੰਦਰ ਸਿੰਘ ਮੁਲਤਾਨੀ ਬੀ ਡੀ ਪੀ ਓ ਲੋਹੀਆਂ ਖਾਸ, ਹਰਭਜਨ ਕੌਰ ਅਧਿਆਪਕਾ, ਸੀਤਾ ਰਾਮ ਬਾਂਸਲ ਅਧਿਆਪਕ, ਗੁਰਜੀਤ ਸਿੰਘ ਜਵੰਦਾ ਸਰਪੰਚ ਤਲਵੰਡੀ ਮਾਧੋ ਹਾਜਰ ਸਨ। ਪ੍ਰਿੰਸੀਪਲ ਅਸ਼ੋਕ ਕੁਮਾਰ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਏਜੰਡੇ ਦੇ ਹਰ ਇੱਕ ਬਿੰਦੂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਵਿਦਿਆਲੇ ਵਿੱਚ ਫਲੱਡ ਲਾਈਟਾਂ, ਹਰਬਲ ਪਾਰਕ, ਹੋਸਟਲਾਂ ਲਈ ਹੋਰ ਟਾਇਲਟ ਬਾਥਰੂਮ, ਮਾਪਿਆਂ ਲਈ ਸ਼ੈਡ ਤੇ ਟਾਇਲਟ, ਜਮਾਤਾਂ ਲਈ ਦੋ ਕਮਰਿਆਂ, ਹੋਸਟਲਾਂ ਲਈ ਵਾਟਰ ਕੂਲਰ, ਮਲਟੀਪਰਪਜ ਹਾਲ, ਸੀਵਰੇਜ ਪਾਣੀ ਦੇ ਬਿਹਤਰ ਨਿਕਾਸੀ ਪ੍ਰਬੰਧ, ਲੜਕੀਆਂ ਦੇ ਹੋਸਟਲ ਦੀ ਚਾਰਦੀਵਾਰੀ ਉੱਚੀ ਕਰਨੀ, ਵਿਦਿਆਰਥੀਆਂ ਲਈ ਕੁਰਸੀਆਂ, ਨਵੀਂ ਗੱਡੀ, ਲੜਕੀਆਂ ਦੇ ਹੋਸਟਲ ਉੱਪਰੋਂ ਲੰਘਦੀ ਗਿਆਰਾਂ ਕੇਵੀ ਲਾਈਨ ਸ਼ਿਫਟ ਕਰਨਾ, ਨਵੋਦਿਆ ਚੋਣ ਪ੍ਰੀਖਿਆ ਵਿੱਚ



ਉਮੀਦਵਾਰਾਂ ਲਈ ਸਹੀ ਬੈਠਕ ਪ੍ਰਬੰਧ, ਮਾਈਗ੍ਰੇਸ਼ਨ ਲਿੰਕ ਬਦਲਵਾਉਣ, ਸਿਹਤ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਤਿਮਾਹੀ ਸਿਹਤ ਜਾਂਚ ਕਰਨ ਤੇ ਸਰਦੀਆਂ ਵਿੱਚ ਹੋਸਟਲਾਂ ਲਈ ਗਰਮ ਪਾਣੀ ਦੀ ਸਪਲਾਈ, ਸਜਾਵਟੀ ਤੇ ਫ਼ਲਦਾਰ ਬੂਟੇ ਲਾਉਣ ਵਰਗੇ ਮੁੱਦੇ ਵਿਚਾਰੇ ਗਏ।

ਚੇਅਰਮੈਨ ਵਰਿੰਦਰ ਕੁਮਾਰ ਸ਼ਰਮਾ ਨੇ ਪੇਸ਼ ਕੀਤੇ ਗਏ ਇਨ੍ਹਾਂ ਏਜੰਡਾ ਬਿੰਦੂਆਂ ਨੂੰ ਧਿਆਨ ਨਾਲ ਸੁਣ ਕੇ ਮੌਕੇ ਤੇ ਮਨਜ਼ੂਰੀ ਦਿੱਤੀ। ਉਨ੍ਹਾਂ ਨੇ ਲੋਕ ਨਿਰਮਾਣ, ਗ੍ਰਾਮੀਣ ਵਿਕਾਸ ਅਤੇ ਪੰਚਾਇਤ, ਭੂਮੀ ਸੁਰੱਖਿਆ ਮਹਿਕਮਿਆਂ ਦੇ ਅਫਸਰਾਂ ਨੂੰ ਵਿਦਿਆਲਿਆ ਵਿਚ ਵਧੇਰੇ ਕਮਰੇ, ਬਹੁਮੰਤਵੀ ਹਾਲ, ਬਾਥਰੂਮ, ਟਾਇਲਟ, ਨਵੀਆਂ ਕੁਰਸੀਆਂ,ਫਲੱਡ ਲਾਈਟਾਂ, ਸੀਵਰ ਟ੍ਰੀਟਮੈਂਟ ਪਲਾਂਟ ਦੇ ਅਨੁਮਾਨ ਤਿਆਰ ਕਰਨ ਲਈ ਕਿਹਾ। ਸਜਾਵਟੀ ਤੇ ਫ਼ਲਦਾਰ ਬੂਟੇ ਪਹਿਲ ਦੇ ਆਧਾਰ ਤੇ ਲਾਏ ਜਾਣਗੇ। ਪਾਵਰਕੌਮ ਦੇ ਅਧਿਕਾਰੀਆਂ ਨੂੰ ਹੋਸਟਲ ਨੇੜਿਓਂ ਲੰਘਦੀ 11 ਕੇਵੀ ਲਾਈਨ ਨੂੰ ਤੁਰੰਤ ਸ਼ਿਫਟ ਕਰਨ ਦੇ ਹੁਕਮ ਜਾਰੀ ਕੀਤੇ। ਵਿਦਿਆਰਥੀਆਂ ਨੂੰ ਵੱਧ ਸਹੂਲਤਾਂ ਦੇਣ ਲਈ ਨਵੋਦਿਆ ਵਿਦਿਆਲਿਆ ਸਮਿਤੀ ਨਵੀਂ ਦਿੱਲੀ ਦੇ ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ ਜਾਵੇਗੀ। ਚੇਅਰਮੈਨ ਸ਼ਰਮਾ ਜੀ ਨੇ ਪ੍ਰਿੰਸੀਪਲ ਨੂੰ ਕਿਹਾ ਕਿ ਵਿਦਿਆਲੇ ਦੀ ਬਿਹਤਰੀ ਲਈ ਭਵਿੱਖ ਵਿੱਚ ਜਿਸ ਵੀ ਕੰਮ ਬਾਰੇ ਕਿਹਾ ਜਾਵੇਗਾ ਉਹ ਕੀਤਾ ਜਾਵੇਗਾ। ਸਾਰੇ ਕਮੇਟੀ ਮੈਂਬਰਾਂ ਨਾਲ ਡਿਪਟੀ ਕਮਿਸ਼ਨਰ ਨੇ ਜਮਾਤਾਂ ਵਿੱਚ ਵਿਦਿਆਰਥੀਆਂ ਨਾਲ ਪੜ੍ਹਾਈ ਤੇ ਮਿਲਦੀਆਂ ਸਹੂਲਤਾਂ ਬਾਰੇ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਅਕੈਡਮਿਕ ਬਲਾਕ, ਸਮਾਰਟ ਕਲਾਸ ਰੂਮ, ਮੈੱਸ, ਲੈਬਾਰਟਰੀਆਂ, ਖੇਡ ਮੈਦਾਨ ਆਦਿ ਦਾ ਨਿਰੀਖਣ ਕੀਤਾ।

ਡਿਪਟੀ ਕਮਿਸ਼ਨਰ ਨੇ ਪ੍ਰਿੰਸੀਪਲ ਅਸ਼ੋਕ ਕੁਮਾਰ ਵੱਲੋਂ ਇਸ ਵਿਦਿਆਲਿਆ ਵਿੱਚ ਡਿਊਟੀ ਜੁਆਇੰਨ ਕਰਨ ਤੋਂ ਚਾਰ ਮਹੀਨਿਆਂ ਵਿੱਚ ਹੀ ਕਈ ਸਾਲਾਂ ਤੋਂ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਕੀਤੇ ਕੰਮਾਂ ਤੇ ਤਸੱਲੀ ਪ੍ਰਗਟਾਈ ਤੇ ਵਿਦਿਆਲਿਆ ਦੇ ਰੱਖ-ਰਖਾਵ ਦੇ ਯਤਨਾਂ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਸਕੂਲ ਸਟਾਫ ਦੀ ਚੰਗੀ ਟੀਮ ਭਾਵਨਾ ਦੀ ਵੀ ਸਿਫ਼ਤ ਕੀਤੀ। ਉਨ੍ਹਾਂ ਕਿਹਾ ਚੌਧਰੀ ਸੰਤੋਖ ਸਿੰਘ ਜੀ ਮਾਨਯੋਗ ਮੈਂਬਰ ਪਾਰਲੀਮੈਂਟ ਨੂੰ ਬੇਨਤੀ ਕਰਕੇ ਐਮ ਪੀ ਲੈਡ ਫੰਡ ਵਿੱਚੋਂ ਵਿਦਿਆਲਿਆ ਨੂੰ ਗ੍ਰਾਂਟ ਦੁਆਈ ਜਾਵੇਗੀ। ਵਾਤਾਵਰਨ ਦੀ ਸ਼ੁੱਧਤਾ ਲਈ ਹੋਰ ਜਿਆਦਾ ਰੁੱਖ ਲਾਉਣ ਲਈ ਕਿਹਾ।

# ਗਣਤੰਤਰ ਦਿਵਸ ਮੌਕੇ ਸਰਕਾਰੀ ਸੈਕੰਡਰੀ ਸਕੂਲ ਕਕਰਾਲਾ ਦੇ ਅਧਿਆਪਕ ਅਤੇ ਵਿਦਿਆਰਥੀ ਨੂੰ ਸਨਮਾਨਿਤ ਕੀਤਾ

**ਨਾਭਾ–** ਦੇਸ਼ ਦੇ 71ਵੇਂ ਗਣਤੰਤਰ ਦਿਵਸ ਦੇ ਮੌਕੇ ਤੇ ਸਰਕਾਰੀ ਸੈਕੰਡਰੀ ਸਕੂਲ ਕਕਰਾਲਾ (ਨਾਭਾ) ਵਿੱਚ ਚੱਲ ਰਹੀ ਐਨ. ਐਸ. ਕਿਊ. ਐਫ. ਸਕੀਮ ਦਾ ਵਿਸ਼ਾ 'ਨਿੱਜੀ ਸੁਰੱਖਿਆ' ਦੇ ਵਿਦਿਆਰਥੀਆਂ ਦੁਆਰਾ ਨਾਭਾ ਵਿਖੇ ਤਹਿਸੀਲ ਪੱਧਰ ਦੇ ਸਮਾਰੋਹ ਵਿੱਚ ਝੰਡਾ ਲਹਿਰਾਉਣ ਦੇ ਮੌਕੇ ਤੇ ਮਾਰਚ ਪਰੇਡ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਤੇ ਸ੍ਰ. ਸੂਬਾ ਸਿੰਘ (ਪੀ. ਸੀ. ਐਸ) ਐਸ. ਡੀ. ਐਮ ਨਾਭਾ ਨੇ ਵਿਦਿਆਰਥੀਆਂ ਦੇ ਇਸ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਤੇ ਅੱਗੇ ਤੋਂ ਹੋਰ ਵੀ ਮਿਹਨਤ ਤੇ ਜੋਸ਼ ਨਾਲ ਹੋਰ ਗਤੀਵਿਧੀਆਂ ਵਿੱਚ ਵੀ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਇਸ ਮੌਕੇ ਉਨ੍ਹਾਂ ਨੇ ਸਰਕਾਰੀ ਸੈਕੰਡਰੀ ਸਕੂਲ ਕਕਰਾਲਾ ਦੇ ਮਿਹਨਤੀ ਅਧਿਆਪਕ ਸ. ਧਰਮਿੰਦਰ ਸਿੰਘ ਅਤੇ ਪਰੇਡ ਕਮਾਂਡਰ ਵਿਦਿਆਰਥੀ ਦਵਿੰਦਰ ਸਿੰਘ ਨੂੰ ਵਧੀਆ ਪ੍ਰਦਰਸ਼ਨ ਲਈ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਇਸ ਸਕੂਲ ਦੇ ਹੋਣਹਾਰ ਵਿਦਿਆਰਥੀ ਪਹਿਲਾਂ ਵੀ ਸਕੂਲ ਦਾ ਹਰ ਖੇਤਰ 'ਚ ਵਧੀਆ ਕਾਰਗੁਜ਼ਾਰੀ ਸਦਕਾ ਨਾਂ ਉੱਚਾ ਕਰਦੇ ਆ ਰਹੇ ਹਨ। ਸਕੂਲ ਪ੍ਰਿੰਸੀਪਲ ਸ੍ਰੀਮਤੀ ਕੁਮਾਰੀ ਹੇਮਾ ਜੀ ਵੱਲੋਂ ਸ. ਧਰਮਿੰਦਰ ਸਿੰਘ ਵੋਕੇਸ਼ਨਲ ਟਰੇਨਰ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕੀਤੀ ਗਈ।



# ਸੰਯੁਕਤ ਰਾਸ਼ਟਰ ਵੱਲੋਂ ਭਾਰਤੀ ਗੀਤਾ ਸਭਰਵਾਲ ਦੀ ਥਾਈਲੈਂਡ 'ਚ ਨਿਯੁਕਤੀ



**ਸੰਯੁਕਤ ਰਾਸ਼ਟਰ–** ਸੰਯੁਕਤ ਰਾਸ਼ਟਰ (ਯੂਐੱਨ) ਨੇ ਭਾਰਤ ਦੀ ਗੀਤਾ ਸਭਰਵਾਲ ਨੂੰ ਥਾਈਲੈਂਡ ਵਿਚ ਰੈਜ਼ੀਡੈਂਟ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਸੰਯੁਕਤ ਰਾਸ਼ਟਰ ਦੇ ਡਿਵੈਲਪਮੈਂਟ ਸਿਸਟਮ 'ਚ ਰੈਜ਼ੀਡੈਂਟ ਕੋਆਰਡੀਨੇਟਰ ਕਾਫ਼ੀ ਉੱਚਾ ਅਹੁਦਾ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਗੀਤਾ ਸਭਰਵਾਲ ਦੀ ਨਿਯੁਕਤੀ ਥਾਈਲੈਂਡ ਸਰਕਾਰ ਦੀ ਰਜ਼ਾਮੰਦੀ ਨਾਲ ਕੀਤੀ ਹੈ। ਸਭਰਵਾਲ ਨੂੰ ਪੰਜ ਏਸ਼ਿਆਈ ਦੇਸ਼ਾਂ ਵਿਚ ਵਿਕਾਸ, ਸ਼ਾਂਤੀ, ਗਵਰਨੈਂਸ ਅਤੇ ਸਮਾਜਿਕ ਨੀਤੀਆਂ ਲਈ ਕੰਮ ਕਰਨ ਦਾ ਤਜਰਬਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਸ੍ਰੀਲੰਕਾ ਵਿਚ ਸੱਤ ਸਾਲਾਂ ਤਕ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਸੰਯੁਕਤ ਰਾਸ਼ਟਰ ਲਈ ਕੰਮ ਕਰਨ ਤੋਂ ਪਹਿਲਾਂ ਸਭਰਵਾਲ ਮਾਲਦੀਵ ਤੇ ਸ੍ਰੀਲੰਕਾ 'ਚ ਏਸ਼ੀਆ ਫਾਊਂਡੇਸ਼ਨ ਦੀ ਡਿਪਟੀ ਕੰਟਰੀ ਪ੍ਰਤੀਨਿਧ ਸੀ।

# ਐੱਨ ਆਰ ਸੀ ਲਾਗੂ ਕਰਨ ਤੋਂ ਪਿੱਛੇ ਹਟੀ ਮੋਦੀ ਸਰਕਾਰ

(ਸਫਾ 1 ਦੀ ਬਾਕੀ)

ਤਖ਼ਤੀਆਂ 'ਤੇ 'ਭਾਜਪਾ ਪਾਰਟੀ ਗੋਡਸੇ ਪਾਰਟੀ' ਤੇ 'ਮਹਾਤਮਾ ਗਾਂਧੀ ਅਮਰ ਰਹੇ' ਦੇ ਨਾਅਰੇ ਲਿਖੇ ਹੋਏ ਸਨ। ਚੌਧਰੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਸੀ ਕਿ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਇਨ੍ਹਾਂ ਵਿਵਾਦਿਤ ਟਿੱਪਣੀਆਂ ਬਾਰੇ ਜਵਾਬ ਦੇਣਗੇ, ਪਰ ਉਹ ਤਾਂ ਮਹਾਤਮਾ ਗਾਂਧੀ ਨੂੰ ਨਫ਼ਰਤ ਕਰਨ ਵਾਲੇ ਲੋਕਾਂ ਦੀ 'ਮਦਦ' ਕਰ ਰਹੇ ਹਨ। ਉਨ੍ਹਾਂ ਕਿਹਾ, 'ਮੈਨੂੰ ਅਜਿਹੇ ਲੋਕਾਂ ਤੋਂ ਕੋਈ ਉਮੀਦ ਨਹੀਂ ਹੈ, ਜੋ ਗੋਡਸੇ ਦੀ ਸਿਆਸਤ ਕਰਦੇ ਹਨ।' ਸ੍ਰੀ ਜੋਸ਼ੀ ਨੇ ਕਿਹਾ ਕਿ ਭਾਜਪਾ ਦੇ ਮੈਂਬਰ ਅਸਲ 'ਭਗਤ' ਤੇ (ਮਹਾਤਮਾ) ਗਾਂਧੀ ਦੇ ਅਨੁਯਾਈ ਹਨ ਜਦੋਂਕਿ ਕਾਂਗਰਸ ਰਾਹੁਲ ਤੇ ਸੋਨੀਆ ਗਾਂਧੀ ਵਰਗੇ ਨਕਲੀ (ਜਾਅਲੀ) ਗਾਂਧੀ ਦੀ ਅਨੁਯਾਈ ਹੈ। ਇਸ ਦੌਰਾਨ ਸਿਫ਼ਰ ਕਾਲ ਦੌਰਾਨ ਭਾਜਪਾ ਦੇ ਨਿਸ਼ੀਕਾਂਤ ਦੂਬੇ ਨੇ ਐੱਨਆਰਸੀ ਦੇ ਮੁੱਦੇ ਨੂੰ ਉਭਾਰਦਿਆਂ ਇਸ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਅਪੀਲ ਕੀਤੀ। ਪ੍ਰਸ਼ਨ ਕਾਲ ਦੌਰਾਨ ਸਰਕਾਰ ਨੇ ਗ੍ਰਹਿ ਰਾਜ ਮੰਤਰੀ ਜੀ.ਕਿਸ਼ਨ ਰੈਡੀ ਨੇ ਜੇਐੱਨਯੂ ਹਮਲੇ, ਜਾਮੀਆ ਪ੍ਰਦਰਸ਼ਨ ਤੇ ਸੀਏਏ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਸਰਕਾਰੀ ਤੇ ਨਿੱਜੀ ਜਾਇਦਾਦ ਨੂੰ ਪੁੱਜੇ ਨੁਕਸਾਨ ਤੇ ਪੁਲੀਸ ਵੱਲੋਂ ਇਹਤਿਆਤ ਵਜੋਂ ਚੁੱਕੇ ਕਦਮਾਂ ਦੀ ਤਫ਼ਸੀਲ ਸਬੰਧੀ ਰਿਪੋਰਟਾਂ ਸਦਨ ਵਿੱਚ ਰੱਖੀਆਂ। ਉਨ੍ਹਾਂ ਸਰਕਾਰ ਦੇ ਜੰਮੂ ਤੇ ਕਸ਼ਮੀਰ 'ਚੋਂ ਧਾਰਾ 370 ਤੇ 35ਏ ਮਨਸੂਖ਼ ਕਰਕੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡਣ ਦੇ ਫੈਸਲੇ ਬਾਰੇ ਵੀ ਚਾਨਣਾ ਪਾਇਆ। ਰਾਸ਼ਟਰ-ਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਦੌਰਾਨ ਹੋਈ ਚਰਚਾ ਮੌਕੇ ਭਾਜਪਾ ਦੇ ਸੰਸਦ ਮੈਂਬਰ ਦਿਲੀਪ ਘੋਸ਼ ਨੇ ਪੱਛਮੀ ਬੰਗਾਲ ਦੀ ਤ੍ਰਿਣਮੂਲ ਕਾਂਗਰਸ ਸਰਕਾਰ ਨੂੰ 'ਸ਼ਿਖੰਡੀ' ਕਹਿ ਕੇ ਭੰਡਿਆ। ਉਨ੍ਹਾਂ ਕਿਹਾ ਕਿ ਸੀਏਏ ਵਿਰੋਧੀ ਪ੍ਰਦਰਸ਼ਨਾਂ ਦਾ ਸਭ ਤੋਂ ਵੱਧ ਸੰਤਾਪ ਪੱਛਮੀ ਬੰਗਾਲ ਨੂੰ ਝੱਲਣਾ ਪਿਆ ਹੈ, ਕਿਉਂਕਿ ਮੰਦੇ ਭਾਗਾਂ ਨੂੰ ਉਥੇ 'ਸ਼ਿਖੰਡੀ' ਸੱਤਾ ਵਿੱਚ ਹਨ। ਨੈਸ਼ਨਲ ਕਾਨਫਰੰਸ ਦੇ ਹਸਨੈਨ ਮਸੂਦੀ ਨੇ ਚਰਚਾ ਵਿੱਚ ਭਾਗ ਲੈਂਦਿਆਂ ਧਾਰਾ 370 ਮਨਸੂਖ਼ ਕਰਨ ਨੂੰ 'ਇਤਿਹਾਸਕ ਬੱਜਰ ਗ਼ਲਤੀ' ਦੱਸਿਆ। ਮਸੂਦੀ ਨੇ ਕਿਹਾ ਕਿ ਜੰਮੂ ਤੇ ਕਸ਼ਮੀਰ ਨੂੰ ਮਿਲਿਆ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਦੇ ਬਾਵਜੂਦ ਇਕ ਸੀਨੀਅਰ ਪੁਲੀਸ ਅਧਿਕਾਰੀ ਦੀ ਅਤਿਵਾਦੀਆਂ ਨਾਲ 'ਮਿਲੀਭੁਗਤ' ਸਾਹਮਣੇ ਆਈ ਹੈ। ਸਪਾ ਆਗੂ ਅਖਿਲੇਸ਼ ਯਾਦਵ ਨੇ ਕਿਹਾ ਕਿ ਸਰਕਾਰ 'ਸਬਕਾ ਸਾਥ, ਸਬਕਾ ਵਿਕਾਸ' ਦੀ ਗੱਲ ਤਾਂ ਕਰਦੀ ਹੈ, ਪਰ ਸਰਕਾਰ ਨੇ ਨਾ ਤਾਂ ਸਾਰਿਆਂ ਨੂੰ ਨਾਲ ਤੋਰਿਆ ਤੇ ਨਾ ਹੀ ਕਿਤੇ ਵਿਕਾਸ ਨਜ਼ਰ ਆਉਂਦਾ ਹੈ। ਉਧਰ ਰਾਜ ਸਭਾ ਵਿੱਚ ਵੀ ਕਾਂਗਰਸ ਤੇ ਟੀਐੱਮਸੀ ਮੈਂਬਰਾਂ ਨੇ ਐੱਨਆਰਸੀ ਤੇ ਸੀਏਏ ਸਮੇਤ ਹੋਰਨਾਂ ਮੁੱਦਿਆਂ ਬਾਰੇ ਰੌਲਾ ਪਾਇਆ। ਹਾਲਾਂਕਿ ਇਸ ਮੌਕੇ ਕਰੋਨਾਵਾਇਰਸ, ਪਿਆਜ਼ਾਂ ਦੀ ਬਰਾਮਦ, ਨਿਰਭਯਾ ਬਲਾਤਕਾਰ ਕੇਸ ਤੇ ਫਸਲਾਂ 'ਤੇ ਟਿੱਡੀਆਂ ਦੇ ਹਮਲੇ ਜਿਹੇ ਮੁੱਦਿਆਂ 'ਤੇ ਚਰਚਾ ਹੋਈ। ਵਿੱਤ ਮੰਤਰੀ ਅਨੁਰਾਗ ਠਾਕੁਰ ਕਿਸੇ ਮੁੱਦੇ ਬਾਰੇ ਬੋਲਣ ਲਈ ਖੜ੍ਹੇ ਹੋਏ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਕੀਤੀ। ਚੇਅਰਮੈਨ ਐੱਮ.ਵੈਂਕਈਆ ਨਾਇਡੂ ਨੇ ਸੀਏਏ, ਐੱਨਪੀਆਰ ਤੇ ਐੱਨਆਰਸੀ 'ਤੇ ਚਰਚਾ ਲਈ ਦਿੱਤੇ ਨੋਟਿਸਾਂ ਨੂੰ ਰੱਦ ਕਰ ਦਿੱਤਾ। ਟੀਐੱਮਸੀ ਮੈਂਬਰਾਂ ਨੇ 'ਗੋਲੀ ਮਾਰਨਾ ਬੰਦ ਕਰੋ', 'ਮੋਦੀ ਤੇਰੀ ਤਾਨਾਸ਼ਾਹੀ ਨਹੀਂ ਚਲੇਗੀ', 'ਲੋਕਤੰਤਰ ਕੀ ਹੱਤਿਆ ਨਹੀਂ ਚਲੇਗੀ' ਦੇ ਨਾਅਰੇ ਲਾਏ। 'ਆਪ' ਨੇ ਨਿਰਭਸਾ ਕੇਸ ਦੇ ਦੋਸ਼ੀਆਂ ਨੂੰ ਸਜ਼ਾਵਾਂ 'ਚ ਹੋ ਰਹੀ ਦੇਰੀ ਦਾ ਮਾਮਲਾ ਚੁੱਕਿਆ। ਉਧਰ ਭਾਜਪਾ ਨੇ ਕਾਂਗਰਸ ਤੇ 'ਆਪ' ਵੱਲੋਂ 'ਸ਼ਾਹੀਨ ਬਾਗ਼ ਧਰਨੇ' ਨੂੰ ਦਿੱਤੀ ਹਮਾਇਤ ਲਈ ਦੋਵਾਂ ਪਾਰਟੀਆਂ ਨੂੰ ਭੰਡਿਆ। ਭਾਜਪਾ ਆਗੂਆਂ ਨੇ ਕਿਹਾ ਕਿ ਆਜ਼ਾਦੀ ਦੇ ਨਾਂ 'ਤੇ ਨਫ਼ਰਤੀ ਤਕਰੀਰਾਂ ਰਾਹੀਂ ਨੌਜਵਾਨਾਂ ਦੇ ਦਿਮਾਗ 'ਚ ਜ਼ਹਿਰ ਭਰਿਆ ਜਾ ਰਿਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com



# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ



**ਪਿਟਸਬਰਗ (ਬਿਊਰੋ)–** ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦੂਰ-ਦੁਰਾਡੇ ਦੇ ਗੁਰਦੁਆਰਿਆਂ ਵਿਚ ਸਜਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

ਉਸੇ ਲੜੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮੁਕਤਸਰ ਦੇ ਯੁੱਧ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ।

ਪ੍ਰਵਾਨਾ ਵੱਲੋਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ। ਇਸ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਸਨ, ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਵੀ ਕੀਤਾ ਗਿਆ।------

# ਅਮਰੀਕਾ ਦੇ ਬੰਦੀ ਕੇਂਦਰ 'ਚ 5 ਭਾਰਤੀ 90 ਦਿਨਾਂ ਤੋਂ ਭੁੱਖ ਹੜਤਾਲ 'ਤੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—**ਅਮਰੀਕਾ ਦੇ ਲੁਸਿਆਨਾ ਰਾਜ ਦੇ ਇਕ ਬੰਦੀ ਕੇਂਦਰ ਵਿਚ ਸ਼ਰਨ ਦੀ ਮੰਗ ਨੂੰ ਲੈ ਕੇ 5 ਭਾਰਤੀਆਂ ਦੀ ਭੁੱਖ ਹੜਤਾਲ ਚੌਥੇ ਮਹੀਨੇ ਵਿਚ ਦਾਖਲ ਹੋ ਗਈ ਹੈ। ਇਨਾਂ ਵਿਚ 4 ਹਿੰਦੂ ਤੇ ਇਕ ਸਿੱਖ ਸ਼ਾਮਿਲ ਹੈ ਜੋ ਪਿਛਲੇ 90 ਦਿਨਾਂ ਤੋਂ ਭੁੱਖ ਹੜਤਾਲ 'ਤੇ ਹਨ। ਇਹ ਖੁਲਾਸਾ ਇਕ ਮੀਡੀਆ ਰਿਪੋਰਟ ਵਿਚ ਕੀਤਾ ਗਿਆ ਹੈ। ਜੇਨਾ ਵਿਚ ਲਾਸਲੇ ਬੰਦੀ ਕੇਂਦਰ ਵਿਚ ਇਨਾਂ ਸਾਰਿਆਂ ਨੂੰ ਜਬਰਨ ਤਰਲ ਪਦਾਰਥ ਦਿੱਤੇ ਗਏ ਹਨ।




ਸਨਫਰਾਂਸਿਸਕੋ ਦੀ ਇਕ ਗੈਰ ਸਰਕਾਰੀ ਸੰਸਥਾ 'ਫਰੀਡਮ ਫਾਰ ਮਾਈਗਰਾਂਟਸ' ਦੀ ਇਕ ਵਾਲੰਟਰੀਅਰ ਬੀਬੀ ਮਿਸ਼ੈਲ ਗ੍ਰਾਫੀਓ ਇਨਾਂ ਨੂੰ ਮਿਲਣ ਲਈ ਅਕਸਰ ਬੰਦੀ ਕੇਂਦਰ ਵਿਚ ਜਾਂਦੀ ਰਹਿੰਦੀ ਹੈ। ਉਸ ਨੇ ਦਸਿਆ ਕਿ ਨਾ ਖਾਣ ਪੀਣ ਦੀ ਸਜ਼ਾ ਵਜੋਂ ਇਨਾਂ ਨੂੰ ਇਕੱਲਤਾ ਵਿਚ ਰਖਿਆ ਜਾ ਰਿਹਾ ਹੈ। ਇਹ ਸਾਰੇ ਵੀਲ ਚੇਅਰ ਉਪਰ ਹਨ ਤੇ ਬਿਨਾਂ ਕਿਸੇ ਦੀ ਮੱਦਦ ਤੋਂ ਇਹ ਉੱਠਣ ਬੈਠਣ 'ਚ ਅਸਮਰਥ ਹਨ।' 'ਫਰੀਡਮ ਫਾਰ ਮਾਈਗਰਾਂਟਸ' ਨੇ ਮਨੁੱਖੀ ਹੱਕਾਂ ਤੇ ਆਜ਼ਾਦੀ ਨੂੰ ਲੈ ਕੇ ਹੋਮਲੈਂਡ ਸਕਿਉਰਿਟੀ ਵਿਭਾਗ (ਡੀ ਐਚ ਐਸ) ਵਿਚ ਇਨਾਂ ਪੰਜਾਂ ਦੀ ਤਰਫੋਂ ਸ਼ਕ-ਾਇਤ ਦਰਜ ਕਰਵਾਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਹਿਰਾਸਤ ਦੌਰਾਨ ਇਨਾਂ ਵਿਅਕਤੀਆਂ ਦੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ ਜੋ ਬੰਦ ਹੋਣੀ ਚਾਹੀਦੀ ਹੈ।

# ਅਮਰੀਕਾ ਦੀ ਸੁਪਰੀਮ ਕੋਰਟ ਦੇ ਨਵੇਂ ਆਦੇਸ਼ ਨਾਲ ਲੱਖਾਂ ਪ੍ਰਵਾਸੀਆਂ ਨੂੰ ਨਹੀ ਮਿਲਣਗੇ ਇਮੀਗ੍ਰੇਸ਼ਨ ਲਾਭ

## ਬਜ਼ੁਰਗ ਭਾਰਤੀ ਬੱਚਿਆਂ ਕੋਲ ਰਹਿਣ ਲਈ ਨਹੀ ਜਾ ਸਕਣਗੇ ਅਮਰੀਕਾ

**ਹੁਸਨ ਲੜੋਆ ਬੰਗਾ ਦੀ ਵਿਸੇਸ਼ ਰਿਪੋਰਟ**

ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਆਪਣੇ 'ਪਬਲਿਕ ਚਾਰਜ' ਨਿਯਮ ਨੂੰ ਫੌਰਨ ਲਾਗੂ ਕਰਨ ਦੀ ਇਜ਼ਾਜਤ ਦੇ ਦਿੱਤੀ ਹੈ ਜਿਸ ਤਹਿਤ ਘੱਟ ਆਮਦਨ ਵਾਲੇ ਲੋਕਾਂ ਨੂੰ ਇਮੀਗ੍ਰੇਸ਼ਨ ਲਾਭ ਨਹੀਂ ਮਿਲਣਗੇ। ਸੁਪਰੀਮ ਕੋਰਟ ਦੇ 9 ਮੈਂਬਰੀ ਬੈਂਚ ਵੱਲੋਂ 5-4 ਦੇ ਫਰਕ ਨਾਲ ਦਿੱਤੇ ਇਸ ਨਿਰਨੇ ਨਾਲ ਅਮਰੀਕਾ ਵਿਚ ਰਹਿੰਦੇ ਲੱਖਾਂ ਪ੍ਰਵਾਸੀਆਂ ਨੂੰ ਹਰ ਸਾਲ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਜਿਸ ਕਾਰਨ ਉਹ ਮਿਲਦੀਆਂ ਸਰਕਾਰੀ ਸਹੂਲਤਾਂ ਤੋਂ ਵਾਂਝੇ ਹੋ ਜਾਣਗੇ। ਪਬਲਿਕ ਚਾਰਜ ਨਿਯਮ ਨੂੰ ਅਗਸਤ 2019 ਵਿਚ ਅੰਤਿਮ ਰੂਪ ਦਿੱਤਾ ਗਿਆ ਸੀ ਤੇ ਇਸ ਨੂੰ ਪਿਛਲੇ ਸਾਲ 15 ਅਕਤੂਬਰ ਨੂੰ ਲਾਗੂ ਕੀਤਾ ਜਾਣਾ ਸੀ ਪਰੰਤੂ ਹੇਠਲੀਆਂ ਅਦਾਲਤਾਂ ਨੇ ਇਸ ਦੇ ਅਮਲ ਉਪਰ ਰੋਕ ਲਾ ਦਿੱਤੀ ਸੀ। ਹੁਣ ਇਹ ਨਿਯਮ ਇਲੀਨੋਇਸ ਨੂੰ ਛੱਡਕੇ ਸਮੁੱਚੇ ਅਮਰੀਕਾ ਵਿਚ ਲਾਗੂ ਹੋ ਜਾਵੇਗਾ। ਕੇਵਲ ਉਹ ਲੋਕ ਹੀ ਇਸ ਨਿਯਮ ਤੋਂ ਬਚ ਸਕਣਗੇ ਜਿਨਾਂ ਲੋਕਾਂ ਦੇ ਦੋ ਮੈਂਬਰੀ ਪਰਿਵਾਰ ਦੀ ਸਲਾਨਾ ਕਮਾਈ ਘਟੋ ਘਟ 41 ਹਜਾਰ ਡਾਲਰ ਹੋਵੇਗੀ। 7% ਭਾਰਤੀ ਮੂਲ ਦੇ ਅਮਰੀਕੀ ਸੰਘੀ ਗਰੀਬੀ ਪੱਧਰ ਤੋਂ ਹੇਠਾਂ ਜੀਵਨ ਗੁਜਾਰ ਰਹੇ ਹਨ। ਇਸ ਤਰਾਂ ਇਨਾਂ ਉਪਰ ਇਸ ਨਿਯਮ ਦਾ ਵਿਆਪਕ ਅਸਰ ਪਵੇਗਾ।



ਬਜ਼ੁਰਗ ਭਾਰਤੀ ਜੋ ਅਮਰੀਕਾ ਰਹਿੰਦੇ ਆਪਣੇ ਬੱਚਿਆਂ ਕੋਲ ਰਹਿੰਦੀ ਬਾਕੀ ਜਿੰਦਗੀ ਜੀਣ ਦੀ ਖਾਹਿਸ਼ ਰਖਦੇ ਹਨ, ਉਹ ਬੁਰੀ ਤਰਾਂ ਪ੍ਰਭਾਵਿਤ ਹੋਣਗੇ ਤੇ ਉਨਾਂ ਦਾ ਅਮਰੀਕਾ ਜਾ ਕੇ ਆਪਣੇ ਬੱਚਿਆਂ ਕੋਲ ਰਹਿਣ ਦਾ ਸੁਪਨਾ ਚਕਨਾ ਚੂਰ ਹੋ ਜਾਵੇਗਾ। ਸੁਪਰੀਮ ਕੋਰਟ ਦੇ ਇਸ ਆਦੇਸ਼ ਦੀ ਵਿਆਪਕ ਅਚੋਲਨਾ ਹੋ ਰਹੀ ਹੈ। ਏਸ਼ੀਅਨ ਪੈਸੀਫਿਕ ਪੌਲਸੀ ਐਂਡ ਪਲੈਨਿੰਗ ਕੌਂਸਲ ਦੀ ਕਾਰਜਕਾਰੀ ਡਾਇਰੈਕਟਰ ਮੰਜੂ ਕੁਲਕਰਨੀ ਨੇ ਕਿਹਾ ਹੈ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਕ ਵਾਰ ਫਿਰ ਟਰੰਪ ਪ੍ਰਸ਼ਾਸ਼ਨ ਦੀ ਰਬੜ ਮੋਹਰ ਹੋਣ ਦਾ ਰਾਹ ਚੁਣਿਆ ਹੈ। ਉਨਾਂ ਕਿਹਾ ਕਿ ਸੁਪਰੀਮ ਕੋਰਟ ਦਾ ਨਿਰਨਾ ਪ੍ਰਵਾਸੀ ਭਾਈਚਾਰੇ ਨੂੰ ਬੁਰੀ ਤਰਾਂ ਪ੍ਰਭਾਵਿਤ ਕਰੇਗਾ। ਉਹ ਇਮੀਗ੍ਰੇਸ਼ਨ ਲਾਭ ਲੈਣ ਲਈ ਦਰਖਾਸਤ ਹੀ ਨਹੀਂ ਦੇ ਸਕਣਗੇ।

ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਕੁਲਕਰਨੀ ਦੀ ਚਿੰਤਾ ਨੂੰ ਜਾਇਜ਼ ਦਸਦਿਆਂ ਕਿਹਾ ਹੈ ਕਿ ਸੁਪਰੀਮ ਕੋਰਟ ਦਾ ਨਿਰਨਾ ਬਹੁਤ ਖਤਰਨਾਕ ਹੈ। ਇਥੇ ਵਰਣਨਯੋਗ ਹੈ ਕਿ ਪਿਛਲੇ ਸਾਲ ਅਗਸਤ ਵਿਚ ਕੈਲੀਫੋਰਨੀਆ ਨੇ ਟਰੰਪ ਪ੍ਰਸ਼ਾਸਨ ਖਿਲਾਫ਼ ਦਾਇਰ ਪਟੀਸ਼ਨ ਵਿਚ ਕਿਹਾ ਸੀ ਕਿ ਪਬਲਿਕ ਚਾਰਜ ਨਿਯਮ ਗੈਰ ਕਾਨੂੰਨੀ ਹੈ। ਉਨਾਂ ਕਿਹਾ ਕਿ ਕੈਲੀਫੋਰਨੀਆ ਪ੍ਰਵਾਸੀ ਭਾਰਤੀਆਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਆਪਣਾ ਸੰਘਰਸ਼ ਜਾਰੀ ਰਖੇਗਾ। ਦੂਸਰੇ ਪਾਸੇ ਵਾਈਟ ਹਾਊਸ ਨੇ ਸੁਪਰੀਮ ਕੋਰਟ ਦੇ ਨਿਰਨੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਅਮਰੀਕਾ ਦੇ ਟੈਕਸ ਦਾਤਿਆਂ ਦੀ ਜਿੱਤ ਹੋਈ ਹੈ।

# ਸੰਤ ਬਾਬਾ ਨਰਾਇਣ ਦਾਸ ਜੀ ਦੀ 30ਵੀਂ ਬਰਸੀ 25 ਫਰਵਰੀ ਨੂੰ

**ਜਲੰਧਰ–**ਡੇਰਾ ਬਾਬਾ ਕੱਲਰਾਂ ਦੇ ਸਮੂਹ ਸੰਤ, ਗੱਦੀ ਨਸ਼ੀਨ ਦੀ ਅਗਵਾਈ ਵਿਚ ਸਮੂਹ ਸੰਗਤ ਦੁਆਰਾ ਡੇਰਾ ਬਾਬਾ ਕੱਲਰਾਂ ਪਿੰਡ ਸ਼ੇਰਪੁਰ, ਢੱਕੋ ਡਾ. ਬਾਹੇਵਾਲ, (ਹੁਸ਼ਿਆਰਪੁਰ) ਵਿਖੇ ਸ੍ਰੀਮਾਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ ਦੀ 30ਵੀਂ ਬਰਸੀ 25 ਫਰਵਰੀ 2020 ਦਿਨ ਮੰਗਲਵਾਰ ਨੂੰ ਮਨਾਈ ਜਾ ਰਹੀ ਹੈ।

ਸ੍ਰੀ ਅਖੰਡ ਪਾਠ ਸਾਹਿਬ 23 ਫਰਵਰੀ 2020 ਨੂੰ ਸਵੇਰੇ 10.30 ਵਜੇ ਆਰੰਭ ਹੋਣਗੇ, ਜਿਹਨਾਂ ਦੇ ਭੋਗ ਮੰਗਲਵਾਰ 25 ਫਰਵਰੀ 2020 ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਮਹਾਂਪੁਰਸ਼ਾਂ ਦੇ ਪ੍ਰਵਚਨ, ਗੁਰਬਾਣੀ ਕੀਰਤਨ ਅਤੇ ਪ੍ਰੋਗਰਾਮ ਦੀ ਸਮਾਪਤੀ ਦੁਪਹਿਰ 30 ਵਜੇ ਹੋਵੇਗੀ। ਇਸ ਦਰਮਿਆਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।





ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ?
Your Honest and Experienced REALTOR
Buying or Selling a Home?
Work With an Agent You Can Trust!
John Singh Banga
(916) 271-5404
Banga.Realtor@gmail.com
Visit My Website:
www.banga.bhhser.com
7412 Elsie Ave.
Sacramento, CA 95828
BERKSHIRE HATHAWAY HomeServices
FOR OVER 15 YEARS A TOP PRODUCER
REALTOR
EQUAL HOUSING OPPORTUNITY
CALBRE #01397975


PURCHASE OR REFINANCE
Low rates and special California loan programs may be able to help you purchase a new home or lower your rate on your existing home. Call me today to see how affordable it can be.
FIRST TIME BUYER? CALL ME TO GET STARTED ON THE PATH TO HOME OWNERSHIP.
DOWN PAYMENT ASSISTANCE | FHA | REFINANCE | CONV | & MORE
AKASH BANGA
Loan Originator - NMLS #1868842
(916) 705-7837 | abanga@rhloans.com
TOP 25 MORTGAGE LENDER IN SACRAMENTO - 2018 REPORT
SACRAMENTO BUSINESS JOURNAL
EQUAL HOUSING LENDER
Residential Home Loans, a division of Cherry Creek Mortgage Company is not endorsed by, nor acting on behalf of, or at the direction of, the U.S. Department of Housing and Urban Development, Federal Housing Administration, the Veterans Administration, the U.S. Department of Agriculture, Fannie Mae, Freddie Mac or the federal government or any state housing agency. This material is informational only. This is not an advertisement to extend credit as defined by Regulation Z, nor an application for credit as defined by RESPA/Regulation X. All applications are subject to underwriting guidelines and approval based upon the credit, assets, value of subject property and borrower's ability to repay. Not all applicants are eligible for or qualify for all loan products offered. All loan programs, terms, and conditions are subject to change without notice. Effective date 8/23/2018. Cherry Creek Mortgage Co., Inc. NMLS #3001 dba Residential Home Loans. Licensed by the Department of Business Oversight under the California Residential Mortgage Lending Act. License #4130289. 5751 Sunrise Blvd., Citrus Heights CA 95610



ਐਸੀ ਲਾਲ ਤੁਝ ਬਿਨ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਸ੍ਰੀ ਸ਼ਿੰਦਰ ਪਾਲ ਨਾਰੇਬਟ


### ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ

## ਅਤੇ

## ਸਮੂਹ ਨਾਰੇਬਟ ਪਰਿਵਾਰ



ਸ੍ਰੀ ਸ਼ਿੰਦਰ ਪਾਲ ਨਾਰੇਬਟ ਆਪਣੇ ਪਰਿਵਾਰ ਨਾਲ



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥


# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



FARMERS INSURANCE

Report all Claims to:
Farmers Claim Department
24 hours a day, 7 days a week
1-800-435-7764

NIRMAL SINGH (NIMI)
Agent
Nirmal Singh Insurance Agency
363 El Camino Real, Ste. 219
South San Francisco, CA 94080
Phone: (415) 967-1258 - Cell: (650) 867-9621
Fax: (650) 952-1991 - Email: nsingh@farmersagent.com
Lic# 0191917







## Harbans Singh Rattu, Gyan Kaur Rattu, Nirmal Rattu and Hem Raj Rattu

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)



## ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 13 ਮਾਰਚ (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 15 ਮਾਰਚ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।




ਵਿਨੋਦ ਕੁਮਾਰ ਚੁੰਬਰ (ਚੇਅਰਮੈਨ)




ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ)



ਅਜੈਬ ਸਿੰਘ ਸੁੰਡਾ (ਪ੍ਰਧਾਨ)



ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ)



ਰਾਮ ਲੁਭਾਇਆ (ਵਾਈਸ ਪ੍ਰਧਾਨ)



ਸ਼ਿਵ ਸਿੱਧੂ (ਜਨਰਲ ਸਕੱਤਰ)



ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ)




ਤਰਲੋਚਨ ਸਿੰਘ ਬੱਧਣ (ਖਜਾਨਚੀ)



ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ)

## ਜਾਰੀ ਕਰਤਾ

ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ), ਅਜੈਬ ਸਿੰਘ ਸੁੰਡਾ (ਪ੍ਰਧਾਨ), ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ), ਰਾਮ ਲੁਭਾਇਆ (ਵਾਈਸ ਪ੍ਰਧਾਨ), ਸ਼ਿਵ ਸਿੱਧੂ (ਜਨਰਲ ਸਕੱਤਰ), ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ), ਤਰਲੋਚਨ ਸਿੰਘ ਬੱਧਣ (ਖਜਾਨਚੀ), ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ) ਅਤੇ ਸੁਰਿੰਦਰ ਸੋਨੀ (ਆਡੀਟਰ)







ਸ੍ਰੀ ਅਵਤਾਰ ਸਿੰਘ ਬੈਂਸ ਅਤੇ ਸ੍ਰੀਮਤੀ ਦੇਬੋ ਬੈਂਸ ਅਤੇ ਸਮੂਹ ਬੈਂਸ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 643ਵੇਂ ਗੁਰਪੁਰਬ ਦਿਹਾੜੇ ਅਤੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਪਿਟਸਬਰਗ (ਕੈਲੇਫੋਰਨੀਆ) ਵਿਖੇ ਮਨਾਏ ਜਾ ਰਹੇ ਗੁਰਪੁਰਬ ਦੀਆਂ **ਲੱਖ-ਲੱਖ ਵਧਾਈਆਂ**।
ਆਓ ਆਪਾਂ ਸਾਰੇ ਰਲ ਮਿਲ ਕੇ ਗੁਰਪੁਰਬ ਦੇ ਸਾਰੇ ਸਮਾਗਮਾਂ 7-8-9 ਫਰਵਰੀ 2020 ਨੂੰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੀਏ।

ਉਪਰੋਕਤ ਤਸਵੀਰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਗੁਰਦੁਆਰਾ ਸਾਹਿਬ ਪਿੰਡ ਢੱਕੋਵਾਲ (ਹੁਸ਼ਿਆਰਪੁਰ) ਦੀ ਹੈ। ਇਸ ਖੂਬਸੂਰਤ ਗੁਰਦੁਆਰਾ ਸਾਹਿਬ ਦੀ ਸੇਵਾ ਸ. ਅਵਤਾਰ ਸਿੰਘ ਬੈਂਸ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਦੇਬੋ ਬੈਂਸ ਤੇ ਸਮੂਹ ਬੈਂਸ ਪਰਿਵਾਰ ਵੱਲੋਂ ਕੀਤੀ ਗਈ। ਇਸ ਗੁਰੂ ਘਰ ਨੂੰ 13 ਅਪ੍ਰੈਲ 2017 ਬਣਾਉਣਾ ਸ਼ੁਰੂ ਕੀਤਾ ਸੀ ਤੇ 20 ਜਨਵਰੀ 2018 ਨੂੰ ਮੁਕੰਮਲ ਕਰ ਲਿਆ ਗਿਆ ਅਤੇ 26 ਜਨਵਰੀ 2018 ਵਾਲੇ ਦਿਨ ਇੱਥੇ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਗੁਰੂ ਘਰ ਦਾ ਸਥਾਪਨਾ ਦਿਵਸ ਬਹੁਤ ਹੀ ਲਗਨ, ਸ਼ਰਧਾ, ਪਿਆਰ, ਸਤਿਕਾਰ ਨਾਲ ਸਮੂਹ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ।



**Debho Bains**
**Ex Chairperson**

**Avtar Singh Bains**
**Ex Treasurer**

**Sri Guru Ravidass Sabha Pittsburgh CA**



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**Kewal Sidhu (707) 704-3869**
**Sodhi Nahar (707) 704-5216**

**Bhagwan Valmik Sangat Bay Area**



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**Major Singh and his wife Pritpal Kaur & Family**



Major Singh and his wife Pritpal Kaur



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।


**Ramesh Summan & Family**






## ਸ੍ਰੀ ਵਿਨੋਦ ਕੁਮਾਰ ਜੱਖੂ (ਕੈਸ਼ੀਅਰ, ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ) ਅਤੇ ਸਮੂਹ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 643ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

**ਵਿਨੋਦ ਕੁਮਾਰ ਜੱਖੂ ਅਤੇ ਸਮੂਹ ਜੱਖੂ ਪਰਿਵਾਰ**



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

## ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



Gurnam Singh Rattu with his wife

**Gurnam Singh Rattu & Family**

# ਬਾਪੂ ਜੀ, ਕਿੱਥੇ ਚਲੇ ਗਏ ਤੁਸੀ?



ਗੁਰਦੀਪ ਕੌਰ ਸੈਕਰਾਮੈਂਟੋ
916-695-0035

1 ਫਰਵਰੀ 2020 ਦੀ ਸਵੇਰ ਤੇ ਮੇਰੀ ਕਰਮਭੂਮੀ ਅਮਰੀਕਾ ਦੀ ਜਨਵਰੀ 31 ਦੀ ਸ਼ਾਮ ਨੂੰ ਮਾਂ ਵਰਗੀ ਸਹੇਲੀ ਬੀਬੀ ਹਰਜੀਤ ਕੌਰ ਨੇ ਵਟਸਅੱਪ ਤੇ ਬਾਪੂ ਸ. ਜਸਵੰਤ ਸਿੰਘ ਕੰਵਲ ਦੀਆਂ ਦੋ ਤਸਵੀਰਾਂ ਭੇਜੀਆਂ। ਕੰਮ ਤੇ ਹੋਣ ਕਰਕੇ ਫੋਨ ਚੈਕ ਨਾ ਕਰ ਸਕੀ, ਜਦ ਘਰ ਆ ਕੇ ਫੋਨ ਦੇਖਿਆ, ਮਨ ਉਦਾਸ ਹੋ ਗਿਆ ਪਰ ਸ਼ੱਕ ਜਿਹਾ ਰਿਹਾ। ਇੰਡੀਆ ਦੋ ਕੁ ਜਣਿਆਂ ਨੂੰ ਫੋਨ ਲਾਇਆ ਪਰ ਕਿਸੇ ਨਾਲ ਗੱਲ ਨਾ ਹੋ ਸਕੀ ਕਿ ਪਤਾ ਕਰ ਸਕਾਂ ਕਿ ਭਾਵੀ ਸੱਚਮੁਚ ਵਾਪਰ ਚੁੱਕੀ ਹੈ। ਆਧੁਨਿਕ ਯੁੱਗ ਦੇ ਸੰਚਾਰ ਸਾਧਨ ਫੇਸਬੁੱਕ ਨੂੰ ਜਦੋਂ ਹੀ ਖੋਲ੍ਹਿਆ ਤਾਂ ਪਹਿਲੀ ਪੋਸਟ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਦੀ ਪੜ੍ਹੀ ਕਿ ਬਾਪੂ ਜੀ ਜਸਵੰਤ ਸਿੰਘ ਕੰਵਲ ਨਹੀਂ ਰਹੇ। ਉਸ ਵੇਲੇ ਤੱਕ ਮੇਰੇ ਲਈ ਇਹ ਸਮਝਣਾ ਔਖਾ ਸੀ ਕਿ ਮੁੱਕਾ ਕੌਣ ਹੈ? ਜਸਵੰਤ ਸਿੰਘ ਕੰਵਲ ਜਾਂ ਆਪਣਾ ਬਾਪੂ। ਸਾਹ ਸੰਘੰ ਵਿਚ ਅਟਕ ਗਿਆ, ਅੱਖਾਂ ਗੜੁੱਚ ਹੋ ਗਈਆਂ। ਫਿਰ ਅਗਾਂਹ ਫੇਸਬੁੱਕ ਦੇਖੀ, ਸਾਰੇ ਪੰਨੇ ਅਫਸੋਸ, ਸੋਗ ਤੇ ਰਿੱਝ ਚੁੱਕੇ ਵਿਯੋਗ ਨਾਲ ਭਰੇ ਪਏ ਸਨ, ਪਹਿਲਾਂ ਬੀਬੀ ਦਲੀਪ ਕੌਰ ਟਿਵਾਣਾ ਤੇ ਮਗਰ ਜਸਵੰਤ ਸਿੰਘ ਕੰਵਲ। ਇੰਝ ਲੱਗਾ ਘਰ ਦੀ ਛੱਤ ਡਿੱਗ ਪਈ ਹੈ। ਆਪਣਾ ਮੋਇਆ ਪਿਓ ਫਰਵਰੀ 11, 2005 ਯਾਦ ਆ ਗਿਆ। ਇਹ ਸਿਵੇ ਠੰਡੇ ਕਿਉਂ ਨਹੀਂ ਹੁੰਦੇ। ਮਾਂ ਮੁੱਕੀ ਵੀ ਅਜੇ ਛੇ ਮਹੀਨੇ ਨਹੀਂ ਹੋਏ। ਸਮੇਂ ਸਮੇਂ ਤੇ ਸੁਣੀਆਂ ਜਾਂਦੀਆਂ ਜਵਾਨੀ ਦੀਆਂ ਮੌਤਾਂ ਨੂੰ ਠੱਲ੍ਹ ਕਿਉਂ ਨਹੀਂ ਪੈਂਦੀ। ਅਮਰੀਕਾ ਦੇ ਨੌਜਵਾਨ 41 ਸਾਲ ਬਾਸਕਟਬਾਲ ਖਿਡਾਰੀ ਦੀ ਹੋਈ ਥੋੜ੍ਹੇ ਦਿਨ ਪਹਿਲਾਂ ਮੌਤ ਨੇ ਹਰ ਘਰ ਬਨੇਰੇ ਤੇ ਉਸਦੀ ਤਸਵੀਰ ਜੜ੍ਹਾ ਦਿੱਤੀ ਹੈ।

ਜਸਵੰਤ ਸਿੰਘ ਕੰਵਲ ਦੁਨੀਆਂ ਤੋਂ ਤੁਰ ਗਿਆ, ਸਦਾ ਲਈ ਰੁਖਸਤ ਹੋ ਗਿਆ। ਯਾਦਾਂ ਦੇ ਝਰੋਖੇ ਵਿਚ ਇਹ ਗੱਲ ਸਿਮਟੀ ਹੈ, ਬਹੁਤ ਵਾਰ ਜਦ ਉਸਦੇ ਘਰ ਮੇਰੀ ਫੇਰੀ ਪਈ ਹੈ, ਉਸ ਨੇ ਆਪਣੀ ਮੌਤ ਮੈਨੂੰ ਦੂਰੋਂ ਆਉਂਦੀ ਦਿਖਾਈ ਦਿੰਦੀ ਹੈ, ਇਹ ਅੱਜ ਵੀ ਆਈ ਤੇ ਕੱਲ੍ਹ ਵੀ ਆਈ। ਪਰ ਜਦ ਉਸ ਆਪਣਾ 100ਵਾਂ ਜਨਮ ਦਿਨ ਮਨਾਇਆ, ਲੱਗਾ, ਪੰਜਾਬ ਦਾ ਇਹ ਪੁੱਤਰ ਅਜੇ ਕੁਝ ਚਿਰ ਹੋਰ ਸਾਡੇ ਨਾਲ ਵਗੇਗਾ। ਪਰ ਹੋਣੀ ਅਟੱਲ ਹੈ। ਪੰਜਾਬੀ ਸਾਹਿਤ ਦਾ ਸਰੂ ਦੇ ਕੱਦ ਵਰਗਾ ਝੰਡਾ ਬਰਦਾਰ ਲੇਖਕ ਜਸਵੰਤ ਸਿੰਘ ਹੁਣ ਪਰੀ ਕਹਾਣੀਆਂ ਵਾਂਗ ਕਿਤਾਬਾਂ ਤੇ ਆਧੁਨਿਕ ਸਮੇਂ ਦੇ ਸੰਚਾਰ ਸਾਧਨਾਂ ਯੂ-ਟਿਊਬ ਤੇ ਹੀ ਮਿਲਿਆ ਕਰੇਗਾ। ਉਸਦੇ ਪਿੰਡ ਨੂੰ ਜਾਂਦਾ ਰਾਹ ਹੁਣ ਧੂੜ ਭਰਿਆ ਲੱਗੇਗਾ, ਜਦ ਉਹ ਆਪਣੇ ਪਿਆਰਿਆਂ ਨੂੰ ਬਾਹਰਲੇ ਘਰ ਬੈਠਿਆ ਨਹੀਂ ਮਿਲੇਗਾ। ਪੰਜਾਬੀਆਂ ਨੂੰ ਲੱਗਭੱਗ 100 ਤੋਂ ਜ਼ਿਆਦਾ ਵਿਧਾਵਾਂ ਵਾਲੀਆਂ ਪੁਸਤਕਾਂ ਕੰਵਲ ਨੇ ਪੜ੍ਹਨ ਨੂੰ ਦਿੱਤੀਆਂ। ਉਸਦੀਆਂ ਚਰਚਿਤ ਪੁਸਤਕਾਂ ਤਾਂ ਸਿਰਫ ਨਾਵਲ ਹੀ ਹਨ, ਬਾਕੀ ਪੁਸਤਕਾਂ ਜੇ ਪੜ੍ਹਨੀਆਂ ਹੋਣ ਤਾਂ ਪਾਠਕ ਕੋਲ ਸਾਹਿਤਕ ਸੂਝ ਹੋਣੀ ਜ਼ਰੂਰੀ ਹੈ। ਇਹ ਕਿਤਾਬਾਂ ਸਮਾਂ ਤੇ ਧਿਆਨ ਮੰਗਦੀਆਂ ਹਨ। ਰਾਜਨੀਤਿਕ ਹਲਕਿਆਂ ਵਿਚ ਸਮੇਂ-ਸਮੇਂ ਤੇ ਛਪੇ ਸਿਆਸੀ ਫੀਚਰ ਅਤੇ ਖੁੱਲ੍ਹੀਆਂ ਚਿੱਠੀਆਂ, ਸਰਕਾਰਾਂ ਨੂੰ ਹਲੂਣੇ ਤੇ ਥਪੇੜੇ ਦੇਣ ਵਰਗੀਆਂ ਹਨ, ਜਿਹਨਾਂ ਨੂੰ ਉਸਨੇ ਆਪਣੀ ਕਲਮ ਦੇ ਜ਼ੋਰ ਨਾਲ ਲਿਖਿਆ ਸੀ। ਕੰਵਲ ਇਕ ਬੇਹੱਦ ਸੰਜੀਦਾ ਤੇ ਜ਼ਹੀਨ ਤੇ ਬਰੀਕ ਸੋਚ ਵਾਲਾ ਸਖਸ਼



ਸੀ। ਉਹ ਦੂਰ ਅੰਦੇਸ਼ ਤੇ ਭਵਿੱਖਮੁਖੀ ਸੀ। ਤਾਂ ਹੀ ਤਾਂ ਉਸਨੂੰ ਆਪਣੇ ਤਜਰਬੇ ਤੇ ਦੇਸ਼ ਵਿਦੇਸ਼ ਦੇ ਦੌਰਿਆਂ ਤੋਂ ਬਾਅਦ ਜਦ ਉਹ ਵਾਪਸ ਆਪਣੇ ਪਿੰਡ ਮੁੜਦਾ ਤੇ ਪੰਜਾਬ ਆਉਂਦਾ ਸੀ, ਉਸਨੂੰ ਭਵਿੱਖ ਵਿਚ ਪਿਆ ਇਕ ਖਲਾਅ ਦਿਖਦਾ ਸੀ। ਉਸਨੂੰ ਪ੍ਰਤੱਖ ਦਿਸਦਾ ਸੀ ਪੰਜਾਬ ਹੁਣ ਬਹੁਤਾ ਚਿਰ ਨਹੀਂ ਬਚੇਗਾ। ਤਾਂ ਹੀ ਉਸਨੇ ਉਦੋਂ ਤੋਂ ਰੌਲਾ ਪਾਣਾ ਸ਼ੁਰੂ ਕਰ ਦਿੱਤਾ ਸੀ, ਜਾਗੋ-ਜਾਗੋ, ਪੰਜਾਬ ਬਰਫ ਦੀ ਡਲੀ ਵਾਂਗ ਖੁਰ ਰਿਹਾ ਹੈ, ਇਸਨੂੰ ਬਚਾਉਣ ਲਈ ਕੁਝ ਕਰੋ। ਉਸਨੇ ਸਮੇਂ-ਸਮੇਂ ਤੇ ਸਰਕਾਰ ਨੂੰ ਖੁੱਲ੍ਹੇ ਖਤ ਲਿਖ ਕੇ ਇਹ ਨਹੀਂ ਕਿ ਉਸਨੇ ਸਮੱਸਿਆਵਾਂ ਲਿਖੀਆਂ, ਉਸਨੇ ਹੱਲ ਵੀ ਦੱਸੇ ਸਨ, ਇੰਝ ਕਰੋ, ਇੰਝ ਕਰੋ, ਇੰਝ ਕਰੋ। ਪਰ ਅਫਸੋਸ ਕਿਸੇ ਮੌਕੇ ਦੀ ਸਰਕਾਰ ਨੇ ਉਸਦੀ ਇੱਕ ਨਹੀਂ ਸੁਣੀ। ਸੰਨ 1998 ਵਿਚ ਜਦ ਮੈਂ ਆਪਣੀ ਐਮ. ਏ. ਕਰ ਰਹੀ ਸੀ, ਮੈਨੂੰ ਯਾਦ ਹੈ, ਅਸੀਂ ਕੁਝ ਵਿਦਿਆਰਥੀ ਸਾਥੀ ਉਸਦੇ ਪਿੰਡ ਢੁੱਡੀਕੇ ਉਸਦੇ ਪੁਰਾਣੇ ਘਰ ਬੈਠੇ ਸੀ, ਮੇਰੇ ਚੇਤੇ ਵਿਚ ਇਹ ਗੱਲ ਹੈ, ਜਦ ਉਸਨੇ ਨਿਮਨ ਲਿਖਤ ਸੱਤਰਾਂ ਸਾਨੂੰ ਕਹੀਆਂ ਸਨ ''ਪੰਜਾਬ ਬਰਫ ਦੀ ਡਲੀ ਵਾਗ ਖੁਰ ਰਿਹਾ ਹੈ'। ਮੈਨੂੰ ਵੀ ਲੱਗਦਾ ਇਹ ਬਹੁਤ ਚਿਰ ਬਚੇਗਾ। ਉਦੋਂ ਬਫ ਦੀ ਡਲੀ ਵਾਂਗ ਪੰਜਾਬ ਦਾ ਖੁਰਨਾ ਸ਼ਬਦ ਦੀ ਸੂਝ ਸ਼ਾਇਦ ਮੈਨੂੰ ਵੀ ਨਹੀਂ ਸੀ, ਪਰ ਹੁਣ ਪ੍ਰਤੱਖ ਹੋ ਗਿਆ ਹੈ। ਕੰਵਲ ਅਗਾਂਹ ਬੋਲਦਾ ਗਿਆ, ਉਸਨੇ ਦੱਸਿਆ ਕਿ (1998) ਪੰਜਾਬ ਦੀ ਜਵਾਨੀ ਨਸ਼ਿਆਂ ਤੇ ਬਚਦੀ-ਖੁਚਦੀ ਬਾਹਰ ਨੂੰ ਜਾ ਰਹੀ ਹੈ। ਧਰਤੀ ਹੇਠਲਾ ਪੀਣ ਯੋਗ ਪਾਣੀ ਖਤਮ ਹੁੰਦਾ ਜਾ ਰਿਹਾ ਹੈ। ਕੰਵਲ ਨੇ ਦੱਸਿਆ ਕਿ ਉਸਨੇ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਨੇਕਾਂ ਵਾਰ ਕਿਹਾ ਹੈ ਕਿ ਪੰਜਾਬ ਵਿਚ ਤਿੰਨ ਝੀਲਾਂ ਬਣਵਾਦੇ, ਜਿਸ ਵਿਚ ਮੀਂਹਾਂ ਦਾ ਪਾਣੀ ਸਾਂਭਿਆ ਜਾ ਸਕੇ, ਹੋਰ ਨਹੀਂ ਤਾਂ ਚਲੋ ਪੰਜਾਬ ਕੋਲ ਪਾਣੀ ਹੀ ਬਚਿਆ ਰਹਿ ਜਾਵੇਗਾ। ਇਕ ਵਾਰ ਮਾਹਿਲਪੁਰ ਪ੍ਰਵਾਸੀ ਮਜ਼ਦੂਰੀ ਦੇ ਬਾਰੇ ਸੰਮੇਲਨ ਤੇ ਬੋਲਦਿਆਂ ਕੰਵਲ ਨੇ ਕਿਹਾ ਸੀ, ਇਹਨਾਂ ਲੀਡਰਾਂ ਨੂੰ ਕੋਈ ਖਾਰੇ ਪਾਣੀ ਸੁੱਟ ਆਵੋ, ਇਹਨਾਂ ਪੰਜਾਬ ਦਾ ਬੇੜਾ ਬਿਠਾਲਣ ਵਿਚ ਕੋਈ ਕਸਰ ਨਹੀਂ ਛੱਡੀ। 20 ਸਾਲ ਪਹਿਲਾਂ ਕੀਤੀਆਂ ਕੰਵਲ ਦੀਆਂ ਗੱਲਾਂ ਤੇ ਸਮੇਂ-ਸਮੇਂ ਤੇ ਹੋਣੀਆਂ ਉਸ ਨਾਲ ਪਰਿਵਾਰਕ ਤੇ ਸਾਹਿਤਕ ਮਿਲਣੀਆਂ ਵਿਚ ਕੰਵਲ ਹਰ ਵਾਰ ਪੰਜਾਬ ਲਈ ਦੁਹੱਥੜ ਮਾਰ ਪਿੱਟਦਾ ਐ। ਆਪ ਅੱਖੀਂ ਵੇਖਿਆ ਹੈ। ਉਸਨੂੰ ਪੰਜਾਬ ਦਾ ਫਿਕਰ ਦਿਨ ਰਾਤ ਸੀ, ਉਸਨੇ ਸਾਨੂੰ ਜਗਾਉਣ ਲਈ ਤੇ ਪੰਜਾਬ ਦੇ ਹਾਲਾਤਾਂ ਤੇ ਬਹੁਤੀਆਂ ਨਹੀਂ ਤਾਂ ਪੰਜ-ਛੇ ਪੁਸਤਕਾਂ ਲਿਖੀਆਂ ਹਨ ਪਰ ਅਫਸੋਸ ਅਸੀਂ ਕਿਸੇ ਨੇ ਪੜ੍ਹੀਆਂ ਨਹੀਂ, ਇੱਥੋਂ ਤੱਕ ਕਿ ਖਰੀਦੀਆਂ ਵੀ ਨਹੀਂ। ਪੰਜਾਬੀਓ ਜੀਣਾ ਹੈ ਕਿ ਮਰਨਾ 2008 ਤੇ ਪੰਜਾਬ ਦਾ ਸੱਚ ਉਸ ਦੇ ਦੁੱਖ ਦਾ ਵੇਗ ਹੈ। 1999 ਵਿਚ ਛਪੀ ਉਸਦੀ ਪੁਸਤਕ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਭਾਗ ਪਹਿਲਾ ਤੇ ਦੂਜਾ, ਇਹ ਉਹ ਪੁਸਤਕ ਹੈ ਜੇ ਅਸੀਂ ਪੜ੍ਹ ਲਈਏ ਜੋ ਸਾਡੇ ਰਾਜਨੀਤਿਕ ਪਰਿਪੇਖ ਦੇ ਭੂਤ, ਭਵਿੱਖ ਤੇ ਵਰਤਮਾਨ ਦੀ ਤਰਜ਼ਮਾਨੀ ਕਰਦੀ ਹੈ। ਸੂਖਮ ਸੂਝ ਪੜ੍ਹ ਕੇ ਦੁੱਖ ਵੀ ਵਿਅਕਤ ਕਰਦੀ ਹੈ ਤੇ ਹਾਅ ਦਾ ਨਾਅਰਾ ਵੀ ਮਾਰਦੀ ਹੈ। ਤੇ ਹੋਣੀ ਨੂੰ ਸਵੀਕਾਰ ਕਰਨ ਦੀ ਹਿੰਮਤ ਦਿੰਦੀ ਹੈ।

ਜਸਵੰਤ ਸਿੰਘ ਕੰਵਲ ਹੋਕਾ ਦੇ ਕੇ ਤੁਰ ਗਿਆ। ਹਰ ਸੰਮੇਲਨ ਹਰ ਚਾਰ ਬੰਦਿਆਂ ਦੇ ਬੈਠੇ ਇਕੱਠ ਵਿਚ ਉਸਨੇ ਪੁੱਛਾਂ ਦੇਣ ਵਾਲੇ ਬਾਬੇ ਵਾਂਗ, ਪੰਜਾਬ ਦਾ ਭਵਿੱਖ ਰੋ-ਰੋ ਦੱਸਿਆ, ਉਚੀ ਉਚੀ ਬੋਲ-ਬੋਲ ਦੱਸਿਆ। ਪਰ ਅਫਸੋਸ ਕਿਸੇ ਨਹੀਂ ਸੁਣਿਆ ਕਿਸੇ ਨੇ ਮੰਨਿਆ ਉਸ ਮੁਤਾਬਕ ਪੰਜਾਬੀ ਮਰਨਾ ਤਾਂ ਜਾਣਦੇ ਹਨ ਪਰ ਜੀਣਾ ਨਹੀਂ। ਤਾਂ ਹੀ ਪੰਜਾਬ ਨੂੰ ਇੰਨੀਆਂ ਅਲਾਮਤਾਂ ਨੇ ਘੇਰ ਲਿਆ ਹੈ। ਨਸ਼ਾ, ਬੇਰੁਜ਼ਗਾਰੀ, ਲੀਡਰਸ਼ਿਪ ਦੀ ਘਾਟ, ਪੰਜਾਬ ਦਾ ਪੌਣ-ਪਾਣੀ ਖਤਮ, ਹਰ ਘਰ ਬਿਮਾਰੀ ਤੇ ਮੌਤ ਨਾਲ ਜਕੜਿਆ ਪਿਆ, ਮਹਿੰਗਾਈ ਸਰਕਾਰਾਂ ਦੀ ਅਣਗਹਿਲੀ ਤੇ ਦੁਸ਼ਟ ਨੀਤੀਆਂ ਪੰਜਾਬ ਨੂੰ ਖੋਖਲਾ ਬਣਾ ਗਈਆਂ ਹਨ। ਕੋਈ ਪੰਜਾਬ ਵਿਚ ਰਹਿਣਾ ਨਹੀਂ ਚਾਹੁੰਦਾ। ਕੰਵਲ ਪੰਜਾਬ ਤੇ ਕਬਜਾ ਕਰੀ ਬੈਠੇ ਬਾਬਾਵਾਦ ਤੇ ਡੇਰਾਵਾਦ ਦੇ ਸਖਤ ਵਿਰੁੱਧ ਸੀ ਪਰ ਰਾਜਨੀਤਿਕ ਪਾਰਟੀਆਂ ਦਾ ਵੋਟ ਬੈਂਕ ਉਹਨਾਂ ਨੂੰ ਹੋਰ ਪ੍ਰਫੁਲਿਤ ਕਰ ਰਿਹਾ ਹੈ।

ਚੰਗਾ ਬਾਪੂ ਜੀ ਤੁਹਾਨੂੰ ਆਖਰੀ ਅਲਵਿਦਾ, ਚੰਗਾ ਹੋਇਆ ਸੀ ਕਿ ਮੈਂ ਤੁਹਾਨੂੰ 2019 ਮਾਰਚ ਵਿਚ ਮਿਲ ਆਈ ਸੀ। ਨਹੀਂ ਤਾਂ ਮਨ ਵਿਚ ਤੁਹਾਨੂੰ ਨਾ ਮਿਲਣੇ ਦਾ ਰੰਜ ਰਹਿ ਜਾਣਾ ਸੀ। ਕਦੀ-ਕਦੀ ਕੰਵਲ ਨਾਲ ਗੱਲਾਂ ਕਰਦਿਆਂ ਮਨ ਵਿਚ ਜੋਸ਼ ਭਰ ਆਉਣਾ ਤੇ ਆਪਣਾ ਤੇ ਆਪਣੇ ਨੂੰ ਲੱਗਣਾ ਕਿ ਮੈਂ ਵੀ ਪੰਜਾਬ ਦੀ ਫਿਕਰ ਸਲਾਮਤੀ ਲਈ ਬਾਪੂ ਵਾਂਗ ਲਿਖਣਾ ਪੜ੍ਹਨਾ ਹੈ, ਪੰਜਾਬ ਨੂੰ ਬਚਾਉਣ ਲਈ ਹੰਭਲਾ ਮਾਰਨਾ ਹੈ ਪਰ ਲੱਗਦਾ ਹੈ ਦੁਨੀਆਂ ਦੇ ਤੇ ਜ਼ਿਦਗੀ ਤੇ ਝਮੇਲਿਆਂ ਨੇ ਫਿਕਰਾਂ ਜੋਗੇ ਹੀ ਰਹਿਣ ਦੇਣਾ ਹੈ।

ਜਸਵੰਤ ਸਿੰਘ ਕੰਵਲ ਖੂਬਸੂਰਤ ਸ਼ਖਸੀਅਤ ਸੀ। ਪਿਆਰ ਸਤਿਕਾਰ ਤੇ ਖੁਸ਼ਬੂ ਨਾਲ ਜਰਖੇਜ਼ ਇਨਸਾਨ। ਮੈਨੂੰ ਯਾਦ ਹੈ ਪਿਛਲੇ ਦਸ-ਬਾਰਾਂ ਕੁ ਸਾਲਾਂ ਦੌਰਾਨ ਮੈਂ ਉਸਨੂੰ ਜਿੰਨੀ ਕੁ ਵਾਰ ਵੀ ਮਿਲ ਹੋਵਾਂਗੀ। ਉਸਦੇ ਮੂੰਹੋਂ ਅਸੀਸਾਂ ਦੀ ਲੜੀ ਤੇ ਪਿਆਰ ਦੀ ਛਹਿਬਰ ਹੀ ਮਿਲੀ ਹੈ, ਉਸਦਾ ਕਹਿਣਾ, ਖੂਬ ਜੀਓ, ਖੂਬ ਜੀਓ, ਖੂਬ ਜੀਓ, ਰੱਜਵਾਂ ਜੀਓ। ਭਰਪੂਰ ਜੀਓ, ਲੰਮੀਆਂ ਉਮਰਾਂ ਮਾਣੋ ਤੇ ਹੋਰ ਉਸਦੇ ਅਨੇਕਾਂ ਅਸੀਸਾਂ ਵਾਲੇ ਅਹਿਸਾਸ, ਸਿਰ ਤੇ ਹੱਥ ਰੱਖਣਾ ਜੋ ਸਿਰਫ ਮੈਂ ਮਹਿਸੂਸ ਕਰ ਸਕਦੀ ਹਾਂ। ਇਹ ਪਿਆਰ-ਮੁਹੱਬਤ ਤੇ ਸਤਿਕਾਰ ਦਾ ਵੇਗ ਕਦੀ ਕਿਸੇ ਕਾਗਜ਼ ਕਲਮ ਦੇ ਹਿੱਸੇ ਨਹੀਂ ਆਇਆ।

ਪੰਜਾਬੀਅਤ ਦਾ ਬਾਪੂ ਤੁਰ ਗਿਆ। ਉਹ ਹਰ ਪਲ, ਹਰ ਘੜੀ ਯਾਦ ਆਵੇਗਾ। ਸਾਹਿਤ ਦਾ ਸਿਰਮੌਰ ਖਿਡਾਰੀ ਆਪਣੀ ਵਾਰੀ ਤੇ ਸੈਂਚੁਰੀ ਪੁਗਾ ਕੇ ਆਪਣੇ ਰਾਹੇ ਪੈ ਗਿਆ। ਮਿੱਤਰਾਂ ਪਿਆਰਿਆਂ ਤੇ ਪੰਜਾਬੀਅ ਦਾ ਵਾਲੀ ਸਦਾ ਦਿਲਾਂ ਵਿਚ ਜਗਦਾ-ਵਸਦਾ ਤੇ ਧੜਕਦਾ ਰਹੇਗਾ। ਪੂਰਾ ਸ਼ੱਕ ਤੇ ਯਕੀਨ ਹੈ ਕਿ ਹਰ ਪੰਜਾਬੀ ਪੜ੍ਹਨੇ ਲਿਖਣੇ ਬੋਲਣੇ ਤੇ ਸਾਹਿਤਕ ਸੂਝ ਵਾਲੇ ਗਿਆਨੀ ਪੁਰਸ਼ ਨੇ ਉਸਦੀ ਮੌਤ ਤੇ ਹਾਅ ਦਾ ਨਾਅਰਾ ਜ਼ਰੂਰ ਮਾਰਿਆ ਹੋਵੇਗਾ। ਇਹ ਕਹਿੰਦਿਆਂ ਲਿਖਣਾ ਖਤਮ ਕਰਦੀ ਹਾਂ ਕਿ ਮਾਪੇ ਤੈਨੂੰ ਘੱਟ ਰੋਣਗੇ, ਬਹੁਤ ਰੋਣਗੇ ਦਿਲਾਂ ਦੇ ਜਾਨੀ।

# ਆਧਾਰ: ਪਿਕਚਰ ਹਾਲੇ ਬਾਕੀ ਹੈ



ਗੁਰਮੀਤ ਪਲਾਹੀ
91-98158-02070

**ਅੱਗੇ ਦੀ ਕਹਾਣੀ ਹੁਣ ਸਾਰੇ ਜਾਣਦੇ ਹਨ। ਐਨ ਪੀ.ਆਰ., ਐਨ.ਆਰ.ਸੀ. ਦਾ ਰਸਤਾ ਖੋਲ੍ਹਦਾ ਹੈ ਅਤੇ ਐਨ.ਆਰ.ਸੀ. ਨਾ-ਗਰਿਕਤਾ ਕਾਨੂੰਨ ਵਿੱਚ ਹਾਲ ਹੀ ਵਿੱਚ ਹੋਈ ਸੋਧ ਇਸਨੂੰ ਲਾਗੂ ਕਰਨ ਦਾ ਮਾਧਿਅਮ ਹੈ। ਆਧਾਰ ਦੇ ਦਸ ਸਾਲਾਂ ਨੇ ਸਾਨੂੰ ਸਿਖਾ ਦਿਤਾ ਹੈ ਕਿ ਕਿਵੇਂ ਕਾਗਜ਼ੀ ਕਾਰਵਾਈ ਵਿੱਚ ਫਸਕੇ ਲੋਕ ਹੱਕਾਂ ਤੋਂ ਬੇਦਖ਼ਲ ਹੋ ਸਕਦੇ ਹਨ। ਜੇਕਰ ਕਮਜ਼ੋਰ ਜਾਂ ਗਰੀਬ ਲੋਕਾਂ ਨੂੰ ਮਿਲਣ ਵਾਲੀ ਸਹਾਇਤਾ ਦੀ ਕੋਈ ਗਾਰੰਟੀ ਨਾ ਰਹੇ, ਤਾਂ ਇਹ ਸਿਰਫ਼ ਇਸ ਚਿੰਤਾ ਵਿੱਚ ਜੀਏਗਾ ਕਿ ਆਪਣੀ ਰੋਜ਼ਾਨਾ ਦੀਆਂ ਜ਼ਰੂਰਤਾਂ ਕਿਵੇਂ ਪੂਰੀਆਂ ਕਰੇ। ਇਸ ਤਰ੍ਹਾਂ ਨਾਲ ਦੇਸ਼ ਵਿੱਚ ਲੋਕਤੰਤਰ ਕਮਜ਼ੋਰ ਹੁੰਦਾ ਹੈ।**

**ਮੂਲ : ਰੀਤਿਕਾ ਖੇੜਾ**
**ਪੰਜਾਬੀ ਰੂਪ: ਗੁਰਮੀਤ ਸਿੰਘ ਪਲਾਹੀ**

ਆਧਾਰ ਦੇ ਵਿਰੁੱਧ ਹਿੰਦੀ ਵਿੱਚ ਮੇਰਾ ਸਭ ਤੋਂ ਪਹਿਲਾ ਲੇਖ ਅਮਰ ਉਜਾਲਾ ਵਿੱਚ ਛਪਿਆ ਸੀ। ਸੰਪਾਦਕਾਂ ਨੇ ਦੂਰ ਦ੍ਰਿਸ਼ਟੀ ਨਾਲ ਸਿਰਲੇਖ ਦਿੱਤਾ: ਆਧਾਰ ਨਾਲ ਕਿਸਦਾ ਭਲਾ? ਇਸ ਸਿਰਲੇਖ ਦੀ ਅਹਿਮੀਅਤ ਵਿੱਚ ਮੈਂ ਜਿੰਨਾ ਜ਼ੋਰ ਦੇਵਾਂ ਘੱਟ ਹੋਏਗਾ। ਜਦੋਂ ਆਧਾਰ ਲਿਆਂਦਾ ਗਿਆ, ਉਦੋਂ ਇਸ ਨੂੰ ਗਰੀਬਾਂ ਦੇ ਭਲੇ ਲਈ ਜਾਦੂ ਦੀ ਛੜੀ ਦੇ ਰੂਪ ਵਿੱਚ ਜਨਤਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਦਾਅਵਾ ਇਹ ਸੀ ਕਿ ਇਸ ਨਾਲ ਮਨਰੇਗਾ ਅਤੇ ਅੰਨ-ਵੰਡ ਪ੍ਰਣਾਲੀ ਵਿੱਚ ਭ੍ਰਿਸ਼ਟਾਚਾਰ ਖ਼ਤਮ ਹੋ ਜਾਏਗਾ। ਅਸਲ ਵਿੱਚ ਪਿਛਲੇ ਦਸ ਸਾਲਾਂ ਵਿੱਚ ਆਧਾਰ ਨੂੰ ਸਮਾਜਿਕ ਸੁਰੱਖਿਆ ਯੋਜਨਾਵਾਂ ਨਾਲ ਜੋੜਨ ਨਾਲ ਕਈ ਬੁੱਢੇ ਅਤੇ ਗਰੀਬ ਹੱਕਾਂ ਤੋਂ ਵਿਰਵੇ ਹੋ ਗਏ ਹਨ। ਜਿਵੇਂ ਕਿ ਰੂਪ ਲਾਲ ਮਰਾਂਡੀ ਜਿਸਦੀ ਮੌਤ ਇਸ ਲਈ ਹੋ ਗਈ ਕਿ ਦੋ ਮਹੀਨੇ ਲਗਾਤਾਰ ਆਧਾਰ ਦੀ "ਪਾਸ ਮਸ਼ੀਨ" ਨੇ ਉਹਦੀਆਂ ਉਂਗਲੀਆਂ ਦੇ ਨਿਸ਼ਾਨ ਹੀ ਨਾ ਪਛਾਣੇ, ਤਾਂ ਉਹਨੂੰ ਰਾਸ਼ਨ ਨਹੀਂ ਮਿਲਿਆ।

ਆਧਾਰ ਦੇ ਆਉਣ ਨਾਲ ਭ੍ਰਿਸ਼ਟਾਚਾਰ ਦੇ ਕਈ ਰਸਤੇ ਵੀ ਖੁੱਲ੍ਹੇ ਹਨ, ਇਥੇ ਅੰਗੂਠਾ ਮਸ਼ੀਨ ਪਛਾਣ ਵੀ ਲੈਂਦੀ ਹੈ, ਡੀਲਰ ਗੁੰਮਰਾਹ ਕਰ ਸਕਦਾ ਹੈ ਕਿ ਫੇਲ੍ਹ ਹੋ ਗਿਆ। ਮਸ਼ੀਨ ਨੇ ਇਤਬਾਰੀਆ ਦੇਵੀ ਦਾ ਅੰਗੂਠਾ ਪਛਾਣ ਲਿਆ, ਲੇਕਿਨ ਡੀਲਰ ਨੇ ਅਨਾਜ ਕੱਲ੍ਹ ਦੇਣ ਦੇ ਵਾਅਦੇ ਨਾਲ ਉਹਨੂੰ ਘਰ ਮੋੜ ਦਿੱਤਾ (ਕੱਲ੍ਹ ਜਦੋਂ ਆਇਆ ਤਾਂ ਇਤਬਾਰੀਆ ਦੇਵੀ ਦੀ ਮੌਤ ਹੋ ਗਈ)

ਲੋਕਾਂ ਦੇ ਦਿਮਾਗ ਵਿੱਚ ਇਹ ਗੱਲ ਬੈਠੀ ਹੋਈ ਹੈ ਕਿ ਆਧਾਰ ਨਾਲ ਕਲਿਆਣਕਾਰੀ ਯੋਜਨਾਵਾਂ ਵਿੱਚ ਸਰਕਾਰੀ ਖ਼ਰਚ ਵਿੱਚ ਬੱਚਤ ਹੋਈ ਹੈ। ਬੱਚਤ ਜ਼ਰੂਰ ਹੋਈ ਹੋਏਗੀ, ਲੇਕਿਨ (ਜਿਵੇਂ ਸਰਕਾਰ ਕਹਿੰਦੀ ਹੈ) ਇਹ ਸਿਰਫ਼ ਇਸ ਲਈ ਨਹੀਂ ਕਿ ਅੰਨ-ਵੰਡ ਪ੍ਰਣਾਲੀ ਅਤੇ ਸਮਾਜਿਕ ਸੁਰੱਖਿਆ ਪੈਨਸ਼ਨ ਵਿੱਚ ਫਰਜ਼ੀ ਜਾਂ ਮਰੇ ਹੋਏ ਲੋਕਾਂ ਦੇ ਨਾਮ ਕੱਟ ਹੋ ਗਏ ਹਨ। ਅਸਲੀ ਅਤੇ ਜੀਵਤ ਲੋਕਾਂ ਦੇ ਨਾਮ ਕੱਟੇ ਗਏ, ਜਦੋਂ ਉਹ ਆਪਣਾ ਆਧਾਰ ਨੰਬਰ ਇਹਨਾ ਯੋਜਨਾਵਾਂ ਨਾਲ ਨਹੀਂ ਜੋੜ ਸਕੇ। ਸਿਮਡੇਗਾ ਦੀ ਗਿਆਰਾਂ ਸਾਲ ਦੀ ਸੰਤੋਸ਼ੀ ਦੀ ਮੌਤ ਦੇ ਪਿੱਛੇ ਇਹੀ ਕਾਰਣ ਸੀ। ਉਸਦੀ ਮਾਂ ਕੋਇਲੀ ਦੇਵੀ ਰਾਸ਼ਨ ਕਾਰਡ ਨੂੰ ਆਧਾਰ ਨਾਲ ਨਹੀਂ ਜੁੜਵਾ ਸਕੀ, ਉਸਦਾ ਰਾਸ਼ਨ ਕਾਰਡ ਕੱਟ ਦਿੱਤਾ ਗਿਆ- ਸੰਤੋਸ਼ੀ ਦੀ ਮੌਤ ਤੋਂ ਪਹਿਲਾਂ ਝਾਰਖੰਡ ਦੇ ਉਸ ਵੇਲੇ ਦੇ ਮੁੱਖ ਮੰਤਰੀ ਰਘੂਰਾਮ ਦਾਸ ਨੇ ਆਜ਼ਾਦੀ ਦਿਹਾੜੇ ਤੇ ਆਪਣੇ ਭਾਸ਼ਨ ਵਿੱਚ ਇਸ ਤਰ੍ਹਾਂ ਦੀ 'ਬੱਚਤ' ਨੂੰ ਆਪਣੀ ਪ੍ਰਾਪਤੀ ਵਿੱਚ ਗਿਣਾਇਆ ਸੀ।

ਜਿਵੇਂ ਦਾਅਵਾ ਕੀਤਾ ਗਿਆ, ਉਵੇਂ ਗਰੀਬਾਂ ਦੀ ਆਧਾਰ ਨਾਲ ਭਲਾਈ ਨਹੀਂ ਹੋਈ। ਮੱਧਵਰਗੀ ਵੀ ਇਸਦੇ ਚੁੰਗਲ ਤੋਂ ਬਚ ਨਹੀਂ ਸਕੇ। ਬੱਚਿਆਂ ਦਾ ਸਕੂਲ ਵਿੱਚ ਦਾਖ਼ਲਾ, ਪ੍ਰਾਵੀਡੈਂਟ ਫੰਡ, ਗੈਸ ਸਿਲੰਡਰ ਦੀ ਸਬਸਿਡੀ ਜਾਂ ਸਰਕਾਰੀ ਪੈਨਸ਼ਨ ਪ੍ਰਾਪਤ ਕਰਨ ਵਿੱਚ, ਹਰ ਥਾਂ ਆਧਾਰ ਦੇ ਕਾਰਨ ਲੋਕ ਪ੍ਰੇਸ਼ਾਨ ਹਨ, - ਨਾਮ ਦੇ ਸਪੈਲਿੰਗ, ਜਨਮ ਤਾਰੀਖ, ਪਤਾ ਆਦਿ ਸੁਧਾਰਨ ਲਈ ਲੋਕ ਚੱਕਰ ਕੱਟ ਰਹੇ ਹਨ।

ਭਲਾਈ ਉਹਨਾ ਦੀ ਹੋਈ ਜਿਨ੍ਹਾਂ ਨੇ ਇਸਨੂੰ ਧੰਦਾ ਬਣਾ ਲਿਆ ਹੈ। ਉਦਾਹਰਨ ਦੇ ਤੌਰ ਤੇ, ਈ-ਮਿੱਤਰ, ਈ-ਕਿਓਸਿਕ ਚਲਾਉਣ ਵਾਲੇ ਗਾਹਕ ਸਰਵਿਸ ਸੈਂਟਰ ਤੋਂ ਲੈਕੇ ਆਨ-ਲਾਈਨ ਕਰਜ਼ੇ ਜਾਂ ਹੋਰ ਸਰਵਿਸ ਪ੍ਰਦਾਨ ਕਰਨ ਵਾਲੇ ਸਟਾਰਟ-ਅਪ।

ਅੱਜ ਆਧਾਰ ਤੇ ਚਰਚਾ ਕੇਵਲ ਇਸ ਲਈ ਜ਼ਰੂਰੀ ਨਹੀਂ ਕਿ ਇਸਦੇ ਦਸ ਸਾਲ ਹੋ ਚੁੱਕੇ ਹਨ। ਚਰਚਾ ਇਸ ਲਈ ਵੀ ਜ਼ਰੂਰੀ ਹੈ ਕਿ ਆਧਾਰ, ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐਨ.ਪੀ.ਆਰ.), ਐਨ.ਆਰ.ਸੀ. ਅਤੇ ਨਾਗਰਿਕਤਾ ਕਾਨੂੰਨ ਦਾ ਜੁੜਵਾ ਭਰਾ ਹੈ। ਜਦ 2011 ਦੀ ਮਰਦਮਸ਼ੁਮਾਰੀ ਦੇ ਸਮੇਂ ਐਨ.ਪੀ.ਆਰ. ਹੋਇਆ, ਤਦ ਯੂ.ਪੀ.ਏ. ਸਰਕਾਰ ਆਧਾਰ ਨੂੰ ਲੈਕੇ ਆਈ ਸੀ। ਐਨ.ਪੀ.ਆਰ. ਅਤੇ ਆਧਾਰ, ਦੋਨਾਂ ਦਾ ਮੰਤਵ ਇੱਕ ਹੀ ਸੀ-ਦੇਸ਼ ਵਿੱਚ ਆਮ ਤੌਰ ਤੇ ਰਹਿਣ ਵਾਲੇ ਲੋਕਾਂ ਦੀ ਸੂਚੀ ਤਿਆਰ ਕਰਨਾ।

ਫ਼ਰਕ ਇੰਨਾ ਹੀ ਸੀ ਕਿ ਐਨ.ਪੀ.ਆਰ. ਦਾ ਕੰਮ ਕੇਂਦਰੀ ਗ੍ਰਹਿ ਵਿਭਾਗ ਦੇ ਅਧੀਨ ਮਰਦਮਸ਼ੁਮਾਰੀ ਦੇ ਤਹਿਤ ਸ਼ੁਰੂ ਹੋਇਆ ਅਤੇ ਆਧਾਰ ਵਿੱਚ ਨਾਮਾਂਕਣ, ਯੋਜਨਾ ਆਯੋਗ ਦੇ ਅਧੀਨ ਰਾਸ਼ਟਰੀ ਵਿਸ਼ਿਸ਼ਟ ਪਹਿਚਾਣ ਪ੍ਰਧੀਕਰਣ (ਯੂ.ਆਈ.ਡੀ.ਏ.ਆਈ.) ਦੇ ਤਹਿਤ ਚੁਣੇ ਗਏ ਸਰਕਾਰੀ ਵਿਭਾਗ, ਨਿੱਜੀ ਠੇਕੇਦਾਰ ਆਦਿ ਰਾਹੀਂ ਕੀਤਾ ਜਾ ਰਿਹਾ ਸੀ। ਕੁਝ ਸਮੇਂ ਬਾਅਦ, ਗ੍ਰਹਿ ਵਿਭਾਗ ਅਤੇ ਰਾਸ਼ਟਰੀ ਵਿਸ਼ਿਸ਼ਟ ਪਹਿਚਾਣ ਪ੍ਰਾਧੀਕਰਣ ਦੇ ਵਿਚਕਾਰ ਤਨਾਅ ਸਾਹਮਣੇ ਆਇਆ। ਤਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸੁਲਾਹ ਕਰਵਾਈ:- ਰਾਜਾਂ ਨੂੰ ਵੰਡ ਦਿੱਤਾ ਗਿਆ।

ਕੁਝ ਰਾਸ਼ਟਰੀ ਵਿਸ਼ਿਸ਼ਟ ਪਹਿਚਾਣ ਪ੍ਰਾਧੀਕਰਣ ਦੀ ਝੋਲੀ ਵਿੱਚ ਆਏ ਕੁਝ ਐਨ.ਪੀ.ਆਰ. ਵਲੋਂ ਕੀਤੇ ਗਏ। ਦਸੰਬਰ 2012 ਵਿੱਚ ਦਿੱਲੀ ਦੀ ਮੁੱਖਮੰਤਰੀ ਸ਼ੀਲਾ ਦੀਕਸ਼ਤ ਨੇ ਜਦ ਰਾਜਸਵ ਵਿਭਾਗ ਦੀਆਂ ਸੇਵਾਵਾਂ ਦੇ ਲਈ ਆਧਾਰ ਨੂੰ ਜ਼ਰੂਰੀ ਕਰ ਦਿੱਤਾ, ਤਾਂ ਮੈਂ ਐਨ.ਪੀ.ਆਰ. ਵਿੱਚ ਨਾਮਾਂਕਿਣ ਹੋਣ ਗਈ, ਉਥੇ ਮੈਨੂੰ ਪਤਾ ਲੱਗਾ ਕਿ ਐਨ.ਪੀ.ਆਰ. ਵਾਲੇ ਰਾਸ਼ਟਰੀ ਵਿਸ਼ਿਸ਼ਟ ਪਹਿਚਾਣ ਪ੍ਰਾਧੀਕਰਣ ਦਾ ਹੀ ਸਾਫਟਵੇਅਰ ਇਸਤੇਮਾਲ ਕਰ ਰਹੇ ਹਨ।

ਅੱਗੇ ਦੀ ਕਹਾਣੀ ਹੁਣ ਸਾਰੇ ਜਾਣਦੇ ਹਨ। ਐਨ ਪੀ.ਆਰ., ਐਨ. ਆਰ. ਸੀ. ਦਾ ਰਸਤਾ ਖੋਲ੍ਹਦਾ ਹੈ ਅਤੇ ਐਨ.ਆਰ.ਸੀ. ਨਾਗਰਿਕਤਾ ਕਾਨੂੰਨ ਵਿੱਚ ਹਾਲ ਹੀ ਵਿੱਚ ਹੋਈ ਸੋਧ ਇਸਨੂੰ ਲਾਗੂ ਕਰਨ ਦਾ ਮਾਧਿਅਮ ਹੈ। ਆਧਾਰ ਦੇ ਦਸ ਸਾਲਾਂ ਨੇ ਸਾਨੂੰ ਸਿਖਾ ਦਿਤਾ ਹੈ ਕਿ ਕਿਵੇਂ ਕਾਗਜ਼ੀ ਕਾਰਵਾਈ ਵਿੱਚ ਫਸਕੇ ਲੋਕ ਹੱਕਾਂ ਤੋਂ ਬੇਦਖ਼ਲ ਹੋ ਸਕਦੇ ਹਨ। ਜੇਕਰ ਕਮਜ਼ੋਰ ਜਾਂ ਗਰੀਬ ਲੋਕਾਂ ਨੂੰ ਮਿਲਣ ਵਾਲੀ ਸਹਾਇਤਾ ਦੀ ਕੋਈ ਗਾਰੰਟੀ ਨਾ ਰਹੇ, ਤਾਂ ਇਹ ਸਿਰਫ਼ ਇਸ ਚਿੰਤਾ ਵਿੱਚ ਜੀਏਗਾ ਕਿ ਆਪਣੀ ਰੋਜ਼ਾਨਾ ਦੀਆਂ ਜ਼ਰੂਰਤਾਂ ਕਿਵੇਂ ਪੂਰੀਆਂ ਕਰੇ। ਇਸ ਤਰ੍ਹਾਂ ਨਾਲ ਦੇਸ਼ ਵਿੱਚ ਲੋਕਤੰਤਰ ਕਮਜ਼ੋਰ ਹੁੰਦਾ ਹੈ।

ਜਦ ਤੱਕ ਸਬੂਤ ਪੂਰੇ ਨਾ ਹੋਣ, ਤਦ ਤੱਕ ਤੁਸੀਂ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟਦੇ ਰਹੋ, "ਕਾਗਜ਼ਾਂ ਵਿੱਚ ਗਲਤੀਆਂ ਸੁਧਾਰਦੇ ਰਹੋ, ਖ਼ਰਚ ਕਰਦੇ ਰਹੋ"।

ਕਲਿਆਣਕਾਰੀ ਯੋਜਨਾਵਾਂ ਵਿੱਚ ਭ੍ਰਿਸ਼ਟਾਚਾਰ ਕੁਝ ਹੀ ਲੋਕ ਕਰਦੇ ਹਨ (ਜਿਵੇਂ ਕਿ ਰਾਸ਼ਨ ਡੀਲਰ) ਉਹਨਾ ਕੁਝ ਲੋਕਾਂ ਨੂੰ ਸਜ਼ਾ ਦੇਣ 'ਚ ਅਸਫ਼ਲ ਵਿਵਸਥਾ ਨੇ, ਪੂਰੀ ਆਬਾਦੀ ਨੂੰ ਆਧਾਰ ਦੀ ਲਾਈਨ ਵਿੱਚ ਖੜੇ ਹੋਕੇ ਆਪਣੀਆਂ ਉਂਗਲੀਆਂ ਦੇ ਨਿਸ਼ਾਨ ਦੇਣ ਲਈ ਮਜ਼ਬੂਰ ਕਰ ਦਿੱਤਾ। ਵੈਸੇ ਹੀ, ਨਾਗਰਿਕਤਾ ਕਾਨੂੰਨ ਦੇ ਤਹਿਤ ਕੁਝ ਲੋਕਾਂ ਨੂੰ ਨਾਗਰਿਕਤਾ ਦੇਣ ਦੀ ਆੜ ਵਿੱਚ (ਜੋ ਸਲਾਹੁਣ ਯੋਗ ਕਦਮ ਹੈ, ਲੇਕਿਨ ਇਸ ਵਿੱਚ ਧਰਮ-ਦੇਸ਼ ਅਤੇ ਸਮਾਂ ਸੀਮਾਂ ਹਟਾਉਣ ਦੀ ਲੋੜ ਹੈ),ਸਾਡੇ ਸਾਰਿਆਂ ਤੋਂ ਨਾਗਰਿਕ ਹੋਣ ਦਾ ਕਾਗਜ਼ ਮੰਗਿਆ ਜਾਏਗਾ। ਆਧਾਰ ਐਨ.ਆਰ.ਸੀ. ਦਾ ਟਰੈਲਰ ਲੱਗਦਾ ਹੈ। ਪਿਕਚਰ ਹਾਲੇ ਬਾਕੀ ਹੈ।

**- (ਪੰਜਾਬੀ ਫੀਚਰ ਸਿੰਡੀਕੇਟ ਵਲੋਂ ਜਾਰੀ)**

### ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼

# ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ



ਧਰਤੀ ਤੇ ਫੈਲ ਰਹੀਆਂ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਸਮੇਂ ਸਮੇਂ ਤੇ ਮਨੁੱਖਤਾ ਦੇ ਰਹਿਵਰਾਂ ਨੇ ਜਨਮ ਲਿਆ ਇਨ੍ਹਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ ਨੀਚ ਦੀ ਬੁਰਾਈ ਖਿਲਾਫ ਅਵਾਜ਼ ਬੁਲੰਦ ਕੀਤੀ। ਉਸ ਵੇਲੇ ਪ੍ਰਚਲਿਤ ਮੰਨੂਵਾਦੀ ਪ੍ਰਥਾ ਅਨੁਸਾਰ ਕਾਇਮ ਜਾਤਿ ਪ੍ਰਥਾ ਦੇ ਢਾਂਚੇ ਅਨੁਸਾਰ ਉਸ ਵੇਲੇ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਕੁੱਝ ਅਖੋਤੀ ਵਿਦਵਾਨ ਲੋਕ ਧਾਰਮਿਕ ਗ੍ਰੰਥਾ ਦੀ ਮਨਘੱੜਤ ਵਿਆਖਿਆ ਕਰਦੇ ਸਨ ਅਤੇ ਇਹ ਗੱਲ ਫੈਲਾਈ ਹੋਈ ਸੀ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਇਸ ਕਾਰਨ ਕਿਸੇ ਵੀ ਤਰਾਂ ਦਾ ਧਾਰਮਿਕ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਬਨਾਰਸ ਇਸ ਮੰਨੂਵਾਦੀ ਪ੍ਰਥਾ ਦਾ ਕੇਂਦਰ ਸੀ ਅਤੇ ਇੱਥੋਂ ਹੀ ਇਸ ਪ੍ਰਥਾ ਖਿਲਾਫ ਮੁਹਿੰਮ ਸੁਰੂ ਹੋਈ ਜਿਸ ਵਿੱਚ ਸਤਿਗੁਰੂ ਕਬੀਰ ਮਹਾਰਾਜ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮੁੱਖ ਭੂਮਿਕਾ ਰਹੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ 1377 ਇਸਵੀ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਵਿਖੇ ਹੋਇਆ। ਆਪ ਦਾ ਜਨਮ ਦਿਵਸ ਹਰ ਸਾਲ ਮਾਘ ਮਹੀਨੇ ਦੀ ਪੂਰਣਮਾਸ਼ੀ ਨੂੰ ਆਂਦਾ ਹੈ। ਵੱਖ ਵੱਖ ਵਿਦਵਾਨਾਂ ਵਲੋਂ ਗੁਰੂ ਰਵਿਦਾਸ ਜੀ ਨੂੰ ਵੱਖ ਵੱਖ ਨਾਵਾਂ ਰਵਿਦਾਸ, ਰੈਦਾਸ, ਰਾਇਦਾਸ, ਰੁਹਿਦਾਸ ਆਦਿ ਨਾਲ ਸੰਬੋਧਨ ਕੀਤਾ ਜਾ ਰਿਹਾ ਹੈ। ਇਸੇ ਤਰਾਂ ਕੁੱਝ ਲੋਕ ਗੁਰੂ ਜੀ ਨੂੰ ਸੰਤ, ਭਗਤ ਆਦਿ ਨਾਲ ਸੰਬੋਧਨ ਕਰਦੇ ਹਨ। ਇਸ ਨਾਲ ਹੀ ਗੁਰੂ ਜੀ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਫੋਟੋਆਂ ਅਤੇ ਸਰੂਪਾਂ ਜਿਨ੍ਹਾਂ ਵਿੱਚ ਕਈਆਂ ਵਿੱਚ ਗੁਰੂ ਜੀ ਨੂੰ ਤਿਲਕਧਾਰੀ, ਕਈਆਂ ਵਿੱਚ ਸਿਰ ਢੱਕਿਆ ਹੋਇਆ ਹੈ, ਕਈਆਂ ਵਿੱਚ ਗੁਰੂ ਜੀ ਦੇ ਬਰਾਬਰ ਅਤੇ ਨਾਲ ਹੋਰ ਕਈ ਸਮਾਜ ਸੁਧਾਰਕਾਂ ਦੀਆਂ ਫੋਟੋਆਂ ਜੋੜੀਆਂ ਗਈਆਂ ਹਨ ਜੋਕਿ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਲਈ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਗੁਰੂ ਰਵਿਦਾਸ ਜੀ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ :



ਕੁਲਦੀਪ ਚੰਦ
91-9417563054

ਮੇਰੀ ਜਾਤੀ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਆਪਜੀ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ।

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਗੁਰੂ ਰਵਿਦਾਸ ਜੀ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਗੁਰੂ ਰਵਿਦਾਸ ਜੀ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:-

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਗੁਰੂ ਰਵਿਦਾਸ ਜੀ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪਜੀ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਊਚ ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਉੱਘਾ ਯੋਗਦਾਨ ਪਾਇਆ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉਚਕੋਟੀ ਦੀ ਸ਼ਖਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਗਿਆ। ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:-

ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।

ਗੁਰੂ ਰਵਿਦਾਸ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸਤੇ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਤਦ ਹੀ ਉਨ੍ਹਾਂ ਨੇ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਆਪ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਸੀ। ਗੁਰੂ ਰਵਿਦਾਸ ਜੀ ਨੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ ਸੀ:-

ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।

ਸਤਿਗੁਰੂ ਕਬੀਰ ਜੀ ਨੇ ਵੀ ਅਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਜੀ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

ਗੁਰੂ ਅਰਜਨ ਦੇਵ ਜੀ ਨੇ ਵੀ ਸਪੱਸਟ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੀ ਕੀਤੀ ਹੈ:

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨੀ ਤਿਆਗੀ ਮਾਇਆ।।
ਪਰਗਟੁ ਹੋਆ ਸਾਧਿਸੰਗ ਹਰਿ ਦਰਸਨੁ ਪਾਇਆ।।

ਗੁਰੂ ਰਵਿਦਾਸ ਨੇ ਦੇਵੀ ਦੇਵਤਿਆਂ ਦਾ ਵੀ ਖੁੱਲਕੇ ਵਿਰੋਧ ਕੀਤਾ ਹੈ:-

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨਿ ਕੋਊ।।

ਗੁਰੂ ਰਵਿਦਾਸ ਜੀ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਵੱਖ ਵੱਖ ਇਲਾਕਿਆਂ ਵਿੱਚ ਜਾਕੇ ਕੰਮ ਕੀਤਾ ਅਤੇ ਛੇ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਗੁਰੂ ਜੀ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪਜੀ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਬੀਜਾਪੁਰ, ਭੋਪਾਲ, ਅਜਮੇਰ, ਅਯੁਧਿਆ, ਹੈਦਰਾਬਾਦ, ਬੰਬਈ, ਕਰਾਚੀ, ਚਿਤੌੜ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਇਸ ਮੌਕੇ ਆਪਜੀ ਦਾ ਪੁੱਤਰ ਵਿਜੈ ਦਾਸ ਅਤੇ ਸਤਿਗੁਰੂ ਕਬੀਰ ਜੀ ਵੀ ਨਾਲ ਸਨ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾ-ਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ। ਤੀਜੀ ਉਦਾਸੀ ਦੌਰਾਨ ਆਪ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿ-ਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਗਏ। ਪੰਜਵੀ ਉਦਾਸੀ ਆਪਜੀ ਨੇ ਗਾਜੀਪੁਰ ਦੀ ਕੀਤੀ। ਛੇਵੀਂ ਉਦਾਸੀ ਗੁਰੂ ਰਵਿਦਾਸ ਜੀ ਨੇ ਪੰਜਾਬ ਦੀ ਕੀਤੀ। ਆਪਜੀ ਲੁ-ਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ, ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਖੁਰਾਲਗੜ੍ਹ ਆਦਿ ਸਥਾਨਾਂ ਤੇ ਗਏ। ਇਤਿਹਾਸਕ ਧਰਮ ਅਸਥਾਨ ਖੁਰਾਲਗੜ੍ਹ (ਖੁਰਾਲੀ), ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਯੂ. ਪੀ. ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸੰਨ 1515 ਈਸਵੀ ਵਿੱਚ ਇਸ ਅਸਥਾਨ ਤੇ ਆਏ ਸਨ। ਸ੍ਰੀ ਗੁਰੂ ਰਵਿਦਾਸ ਜੀ ਦੇ ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਜੀ ਵੀ ਨਾਲ ਸਨ। ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਇਸ ਅਸਥਾਨ ਤੇ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ, ਸੰਗਤਾਂ ਨੂੰ ਸੁਣਾਉਂਦੇ ਅਤੇ ਜੀਵਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਬਹੁਤ ਸਾਰੇ ਪ੍ਰਾਣੀ ਉਨ੍ਹਾਂ ਦੇ ਸੇਵਕ ਬਣ ਗਏ। ਗੁਰੂ ਜੀ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਗੁਰੂ ਜੀ ਨਾਲ ਈਰਖਾ ਕਰਨ ਲੱਗਾ। ਰਾਜੇ ਨੇ ਗੁਰੂ ਜੀ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜਾ ਦਿੱਤੀ। ਗੁਰੂ ਜੀ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਗੁਰੂ ਜੀ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਸੰਗਤਾਂ ਨੂੰ ਨਾਲ ਲੈ ਕੇ ਇੱਥੋਂ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਗੁਰੂ ਰਵਿਦਾਸ ਜੀ ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਵੱਖ ਵੱਖ ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ। ਵਿਦਵਾਨਾਂ ਅਨੁਸਾਰ ਪਹਿਲੀ ਗੋਸ਼ਟੀ ਚੂੜਕਾਣੇ (ਨਨਕਾਣਾ ਸਾਹਿਬ) ਵਿਖੇ ਹੋਈ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ। ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਜੀ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ-ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਗੁਰੂ ਰਵਿਦਾਸ ਜੀ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਭਾਰਤੀ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪਜੀ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਪ੍ਰਸਿੱਧ ਹਨ। ਇਨ੍ਹਾਂ ਦੇ ਨਾਲ ਨਾਲ ਦੇਸ਼ ਵਿਦੇਸ਼ ਦੇ ਲੋਕਾਂ ਨੇ ਵੀ ਆਪਜੀ ਦੀ ਧਾਰਮਿਕ ਵਿਚਾਰਧਾਰਾ ਦਾ ਸਮਰਥਨ ਕੀਤਾ। ਬਾਬਰ ਜੋਕਿ ਮੁਗਲ ਸਮਰਾਜ ਦਾ ਪਹਿਲਾ ਸ਼ਾਸਕ ਸੀ ਅਤੇ 1526 ਵਿੱਚ ਪਾਨੀਪਤ ਦੀ ਲੜਾਈ ਜਿੱਤਕੇ ਦਿੱਲੀ ਤੇ ਕੱਬਜਾ ਕੀਤਾ ਸੀ ਗੁਰੂ ਜੀ ਦੇ ਅਧਿਆਤਮਕ ਵਿਚਾਰਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਬਾਬਰ ਹੰਮਾਂਊ ਨਾਲ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਉਸ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਲਈ ਬਾਬਰ ਨੂੰ ਸਮਝਾਇਆ ਅਤੇ ਚੰਗੇ ਸਮਾਜਿਕ ਕਾਰਜ ਕਰਨ ਲਈ ਕਿਹਾ। ਬਾਬਰ ਵੀ ਗੁਰੂ ਜੀ ਤੋਂ ਪ੍ਰਭਾਵਿਤ ਹੋਇਆ। ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮਪੁਰਾ ਸਹਿਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹ ਠਾਓ।।
ਨਾ ਤਸਵੀਸ ਖਿਰਾਜੁ ਨਾ ਮਾਲੁ। ਖਉਫੁ ਨ ਖਤਾ ਨ ਤਰਸੁ ਜਵਾਲੁ।।੧।।
ਅਬ ਮੋਹਿ ਖੂਬ ਵਤਨ ਗਹ ਪਾਈ। ਉਹਾਂ ਖੈਰਿ ਸਦਾ ਮੇਰੇ ਪਾਈ।। ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ। ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ। ਉਹਾਂ ਗਨੀ ਬਸਹਿ ਮਾਮੂਰ।।੨।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ। ਮਹਰਮ ਮਹੁਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸੁ ਚਮਾਰਾ। ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਸ਼੍ਰੀ ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮਂਹਿ ਦੂਸਰ ਮਰਘਟ ਗਾਂਵ।

ਆਪਜੀ ਨੇ ਉਸ ਵੇਲੇ ਫੈਲੀ ਬ੍ਰਾਹਮਣਵਾਦੀ ਪ੍ਰਥਾ ਜਿਸ ਵਿੱਚ ਇੱਕ ਬ੍ਰਾਹਮਣ ਨੂੰ ਸਭਤੋਂ ਵੱਧ ਪੂਜਨੀਕ ਅਤੇ ਸਨਮਾਨਯੋਗ ਮੰਨਿਆ ਜਾਂਦਾ ਸੀ ਦਾ ਵੀ ਕਰੜ੍ਹਾ ਵਿਰੋਧ ਕੀਤਾ:

ਬ੍ਰਾਹਮਣ ਮਤ ਪੂਜੀਏ ਜੋ ਹੋਵੈ ਗੁਣਹੀਨ ਪੂਜੀਏ ਚਰਣ ਚੰਡਾਲ ਕੇ ਜੋ ਹੋਵੈ ਗੁਣ ਪ੍ਰਵੀਨ।
ਮਨ ਚੰਗਾ ਤੇ ਕਠੋਤੀ ਮੇਂ ਗੰਗਾ।

ਗੁਰੂ ਰਵਿਦਾਸ ਜੀ ਨੇ ਅੰਧਵਿਸਵਾਸ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

ਗੁਰੂ ਰਵਿਦਾਸ ਜੀ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:-

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।।

ਗੁਰੂ ਰਵਿਦਾਸ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ 151 ਸਾਲ ਦੀ ਆਯੂ ਭੋਗਕੇ 1528 ਇਸਵੀ ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ। ਵੱਖ ਵੱਖ ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਤੇ ਪਹੁੰਚਦੇ ਹਨ। ਸਰਕਾਰ ਵਲੋਂ ਸਮੇਂ ਸਮੇਂ ਤੇ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿੱਚ ਪ੍ਰਜੈਕਟ ਬਣਾਏ ਗਏ ਹਨ। ਪੰਜਾਬ ਸਰਕਾਰ ਵਲੋਂ ਸ਼੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਖੁਰਾਲੀ ਦਾ ਨਾਮ ਸ਼੍ਰੀ ਖੁਰਾਲਗੜ੍ਹ ਸਾਹਿਬ ਰੱਖਿਆ ਗਿਆ ਹੈ ਅਤੇ ਯਾਦਗਾਰ ਸਥਾਪਿਤ ਕਰਨ ਲਈ 110 ਕਰੋੜ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 151 ਫੁੱਟ ਉੱਚਾ ਮਿਨਾਰ ਏ ਬੇਗਮਪੁਰਾ ਬਣਾਇਆ ਜਾਵੇਗਾ। ਅੱਜ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਗਟ ਉਤਸਵ ਦੇਸ਼ ਵਿਦੇਸ਼ਾਂ ਵਿੱਚ ਸ਼ਰਧਾਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਰਵਿਦਾਸ ਜੀ ਦਾ ਜਨਮ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਸਾਨੂੰ ਉਨ੍ਹਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਚਾਹੀਦਾ ਹੈ।

## ਕ੍ਰਿਕਟ- ਪਾਕਿ ਨੂੰ ਹਰਾ ਕੇ ਭਾਰਤ ਫਾਈਨਲ 'ਚ

**ਪੋਸ਼ਫਸਟਰੂਮ-** ਭਾਰਤ ਨੇ ਆਈਸੀਸੀ ਅੰਡਰ-19 ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 10 ਵਿਕਟਾਂ ਨਾਲ ਕਰਾਰੀ ਮਾਤ ਦਿੱਤੀ ਹੈ। ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 43.1 ਓਵਰਾਂ ਵਿੱਚ 172 ਦੌੜਾਂ ਬਣਾਈਆਂ ਜਿਸ ਦੇ ਜਵਾਬ ਵਿੱਚ ਭਾਰਤ ਨੇ 35.2 ਓਵਰਾਂ ਵਿੱਚ ਬਿਨਾਂ ਕੋਈ ਵਿਕਟ ਗੁਆਏ 176 ਦੌੜਾਂ ਬਣਾ ਕੇ ਮੁਕਾਬਲਾ ਜਿੱਤ ਲਿਆ। ਪਾਕਿਸਤਾਨ ਵੱਲੋਂ ਦਿੱਤੇ ਟੀਚੇ ਦਾ ਪਿੱਛਾ ਕਰਨ ਮੈਦਾਨ 'ਚ ਉੱਤਰੀ ਭਾਰਤੀ ਟੀਮ ਦੀ ਸਲਾਮੀ ਜੋੜੀ ਯਸ਼ਸਵੀ ਜੈਸਵਾਲ ਤੇ ਦਿਵਿਆਂਸ਼ ਸਕਸੈਨਾ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਬਿਨਾਂ ਕਿਸੇ ਨੁਕਸਾਨ ਦੇ ਟੀਮ ਨੂੰ ਜਿੱਤ ਤੱਕ ਪਹੁੰਚਾਇਆ। ਜੈਸਵਾਲ ਨੇ ਅੱਜ ਚੌਕਿਆਂ ਤੇ ਚਾਰ ਛੱਕਿਆਂ ਦੀ ਮਦਦ ਨਾਲ 113 ਗੇਂਦਾਂ ਵਿੱਚ 105 ਦੌੜਾਂ ਦੀ ਪਾਰੀ ਖੇਡੀ ਜਦਕਿ ਸਕਸੈਨਾ ਨੇ 99 ਗੇਂਦਾਂ ਵਿੱਚ ਛੇ ਚੌਕਿਆਂ ਦੀ ਮਦਦ ਨਾਲ 59 ਦੌੜਾਂ ਬਣਾਈਆਂ। ਇਸ ਤੋਂ ਪਹਿਲਾਂ ਸੁਸ਼ਾਂਤ ਮਿਸ਼ਰਾ ਦੀ ਅਗਵਾਈ ਹੇਠ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਸ਼ਨ ਨਾਲ ਭਾਰਤ ਨੇ ਆਈਸੀਸੀ ਅੰਡਰ-19 ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਪਾਕਿਸਤਾਨ ਨੂੰ 172 ਦੌੜਾਂ 'ਤੇ ਰੋਕ ਦਿੱਤਾ। ਮਿਸ਼ਰਾ ਨੇ 28 ਦੌੜਾਂ ਦੇ ਕੇ ਤਿੰਨ ਵਿਕਟਾਂ ਹਾਸਲ ਕੀਤੀਆਂ ਜਦਕਿ ਕਾਰਤਿਕ ਤਿਆਗੀ (32 ਦੌੜਾਂ ਦੇ ਕੇ ਦੋ ਵਿਕਟਾਂ) ਅਤੇ ਰਵੀ ਬਿਸ਼ਨੋਈ (46 ਦੌੜਾਂ ਦੇ ਕੇ ਦੋ ਵਿਕਟਾਂ) ਨੇ ਵੀ ਦੋ-ਦੋ ਵਿਕਟਾਂ ਹਾਸਲ ਕੀਤੀਆਂ ਜਿਸ ਨਾਲ ਪਾਕਿਸਤਾਨ ਦੀ ਅੰਡਰ-19 ਟੀਮ 43.1 ਓਵਰ 'ਚ ਸਿਮਟ ਲਈ। ਪਾਕਿਸਤਾਨ ਨੇ ਅਹਿਮ ਛੇ ਵਿਕਟਾਂ ਸਿਰਫ਼ 26 ਦੌੜਾਂ ਜੋੜ ਕੇ ਹੀ ਗੁਆ ਦਿੱਤੀਆਂ ਸਨ। ਪਾਕਿਸਤਾਨ ਵੱਲੋਂ ਕਪਤਾਨ ਰੋਹੇਲ ਨਜ਼ੀਰ ਨੇ 102 ਗੇਂਦਾਂ 'ਚ ਛੇ ਚੌਕਿਆਂ ਦੀ ਮਦਦ ਨਾਲ ਸਭ ਤੋਂ ਵੱਧ 62 ਦੌੜਾਂ ਬਣਾਈਆਂ ਜਦਕਿ ਸਲਾਮੀ ਬੱਲੇਬਾਜ਼ ਹੈਦਰ ਅਲੀ (56) ਨੇ ਵੀ ਨੀਮ ਸੈਂਕੜਾ ਜੜਿਆ।

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here

SELL OR BUY Residential • Business • Commercial Lease • Investment Property and Land

Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



Chicago's Pizza with a Twist

Call: 1-209-398-2221







Parvinder Dhesi   Kulwant Sandhu

1471 B St., Unit B, Livingston, CA 95334

L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables



ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ

New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla  Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

530-671-0439, Fax 530-822-0439 Cell- 530-844-3250

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

## ਸ੍ਰੀ ਸੀ.ਐਲ.ਚੁੰਬਰ ਦੀ ਚੌਥੀ ਬਰਸੀ 'ਤੇ ਵਿਸ਼ੇਸ਼

# 'ਬਹੁਜਨ ਸਮਾਜ ਦੇ ਵਿਹੜਿਆਂ ਦਾ ਮਘਦਾ ਸੂਰਜ'



ਪ੍ਰੋ: ਐਚ.ਐਲ.ਕਪੂਰ

ਸ੍ਰੀ ਸੀ. ਐਲ. ਚੁੰਬਰ (ਪੂਰਾ ਨਾਂ: ਚੁਰੰਜੀ ਲਾਲ ਚੁੰਬਰ) ਦਾ ਮਿਤੀ 6 ਫਰਵਰੀ, 2016 ਨੂੰ ਅਚਾਨਕ ਇਸ ਸੰਸਾਰ ਤੋਂ ਚਲੇ ਜਾਣਾ, ਸਿਰਫ ਉਸ ਦੇ ਪਰਿਵਾਰ ਲਈ ਹੀ ਦੁੱਖਦਾਇਕ ਨਹੀਂ ਹੈ ਸਗੋਂ ਉਨ੍ਹਾਂ ਲਈ ਵੀ ਬੜਾ ਦੁੱਖਦਾਇਕ ਹੈ ਜਿਨ੍ਹਾਂ ਨਾਲ ਉਹਨਾਂ ਦੇ ਬਹੁਤ ਹੀ ਕਰੀਬੀ ਸਬੰਧ ਸਨ। ਮੇਰੇ ਲਈ ਇਸ ਕਰਕੇ ਦੁੱਖਦਾਇਕ ਹੈ ਕਿਉਂਕਿ ਉਹ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ ਦਾ ਮੇਰਾ ਇਕ ਬਹੁਤ ਹੀ ਹੋਣਹਾਰ ਵਿਦਿਆਰਥੀ ਸੀ। ਉਹ 1971 ਤੋਂ ਲਗਾਤਾਰ ਅੱਜ ਤੱਕ ਮੇਰੇ ਸੰਪਰਕ 'ਚ ਰਿਹਾ। ਜਦੋਂ ਪਿਛਲੇ ਸਾਲ ਮੈਂ ਅਮਰੀਕਾ ਦੀਆਂ ਅਖ਼ਬਾਰਾਂ 'ਚ 'ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ' ਜੀ ਦੀ ਜੀਵਨੀ ਤੇ ਸੰਘਰਸ਼ 'ਤੇ ਲੇਖ ਲਿਖਿਆ ਤਾਂ ਉਸ ਨੇ ਲੇਖ 'ਚ ਦਿੱਤੀ ਵਿਸਥਾਰਤਾ ਨੂੰ ਬਹੁਤ ਪਸੰਦ ਕੀਤਾ ਤੇ ਮੈਨੂੰ ਫੋਨ ਕਰਕੇ ਕਿਹਾ ਕਿ ਗੁਰੂ ਜੀ; 'ਏਨੀ ਵੱਡੀ ਵਿਸਥਾਰ 'ਚ ਇਸ ਸ਼ਖਸੀਅਤ ਬਾਰੇ ਪਹਿਲਾਂ ਕਿਸੇ ਨੇ ਵੀ ਜਾਣਕਾਰੀ ਨਹੀਂ ਦਿੱਤੀ।' ਉਸ ਨੇ ਮੇਰੇ ਇਸ ਲੇਖ ਨੂੰ ਇੰਟਰਨੈਟ ਤੇ ਫੇਸਬੁੱਕ ਰਾਹੀਂ ਅੰਤਰ ਰਾਸ਼ਟਰੀ ਪੱਧਰ ਤੇ ਪਸਾਰਿਆ। ਉਸ ਨੇ ਆਪਣੇ ਬਹੁਜਨ ਸਮਾਜ ਦੀ ਦਿਲੋਂ, ਜਾਨ ਨਾਲ ਨਿਸ਼ਕਾਮ ਸੇਵਾ ਕੀਤੀ। ਜਿਸ ਨੂੰ ਉਸ ਦਾ ਸਮਾਜ ਕਦੇ ਭੁਲਾਅ ਨਹੀਂ ਸਕਦਾ। ਮਾਨੋਂ ਉਹ ਆਪਣੇ ਬਹੁਜਨ ਸਮਾਜ ਦਾ ਇਕ ਮਘਦਾ ਸੂਰਜ ਸੀ ਜੋ ਇਸ ਸਮਾਜ ਦੇ ਵਿਹੜਿਆਂ 'ਚ ਚਾਨਣ ਖਿਲਾਰ ਕੇ ਸਦਾ ਲਈ ਅਸਤ ਹੋ ਗਿਆ ਹੈ। ਮੈਨੂੰ ਇੱਥੇ ਪੰਜਾਬੀ ਸਾਹਿਤ ਦੇ ਮਹਾਨ ਜੁਝਾਰਵਾਦੀ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ ਦੀਆਂ ਸੱਤਰਾਂ ਯਾਦ ਆਉਂਦੀਆਂ ਹਨ, ਜਿਹਨਾਂ ਦਾ ਭਾਵ ਅਰਥ ਮੇਰੀਆਂ ਉਕਤ ਸੱਤਰਾਂ ਨਾਲ ਬਿਲਕੁਲ ਮੇਲ ਖਾਂਦਾ ਹੈ:

'ਧਰਤੀ ਮਾਂ ਦੀ ਗੋਦ ਨੂੰ ਪੁੱਤ ਹੋਰ ਬਥੇਰੇ,
ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ।'

ਉਸ ਦਾ ਜਨਮ ਮਾਰਚ 2, 1958 ਨੂੰ ਪਿਤਾ ਸਵਰਗਵਾਸੀ ਸ੍ਰੀ ਪੰਜਾਬ ਰਾਏ ਚੁੰਬਰ ਐਮ. ਏ. ਅਰਥ ਸ਼ਾਸਤਰ ਤੇ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਦੇ ਘਰ ਪਿੰਡ ਹੁਸੈਨਾਬਾਦ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਸ ਨੇ ਆਪਣੀ ਮੁਢਲੀ ਸਿੱਖਿਆ ਆਪਣੇ ਜੱਦੀ ਪਿੰਡ ਹੁਸੈਨਬਾਦ ਤੋਂ ਹੀ ਕੀਤੀ ਤੇ ਪੰਜਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ 'ਚੋਂ ਜ਼ਿਲ੍ਹੇ ਭਰ 'ਚੋਂ ਪਹਿਲੇ ਸਥਾਨ 'ਤੇ ਰਹਿ ਕੇ ਵਜ਼ੀਫਾ ਪ੍ਰਾਪਤ ਕੀਤਾ। ਇਸ ਉਪਰੰਤ ਸੰਨ 1969 'ਚ ਉਸ ਨੇ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ 'ਚ ਛੇਵੀਂ ਜਮਾਤ 'ਚ ਦਾਖਲਾ ਲੈ ਲਿਆ। ਸੰਨ 1971 ਵਿਚ ਫਿਰ ਉਸ ਨੇ ਅੱਠਵੀਂ ਜਮਾਤ ਦੀ ਬੋਰਡ ਦੀ ਪ੍ਰੀਖਿਆ ਇਸੇ ਹੀ ਸਕੂਲ ਤੋਂ ਜ਼ਿਲ੍ਹੇ ਭਰ 'ਚੋਂ ਪਹਿਲੇ ਸਥਾਨ 'ਤੇ ਮੈਰਿਟ 'ਚ ਰਹਿ ਕੇ ਪਾਸ ਕੀਤੀ। ਇਸੇ ਹੀ ਤਰ੍ਹਾਂ ਮਿਹਨਤ ਕਰਦਾ ਉਹ ਅੱਗੇ ਵਧਦਾ ਗਿਆ ਤੇ ਸੰਨ 1973 'ਚ ਬੋਰਡ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਫਿਰ ਜ਼ਿਲ੍ਹੇ 'ਚੋਂ ਮੈਰਿਟ 'ਤੇ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੀ। ਉਸ ਦੀਆਂ ਇਹਨਾਂ ਉਪਲਬਧੀਆਂ ਨੂੰ ਅੱਜ ਵੀ ਉਕਤ ਸਕੂਲ ਦੇ ਮੈਰਿਟ ਆਨਰ ਬੋਰਡ 'ਤੇ ਦਰਜ ਹੋਇਆ ਦੇਖਿਆ ਜਾ ਸਕਦਾ ਹੈ। ਉਸਨੇ ਬੀ. ਏ. ਦੀ ਪ੍ਰੀਖਿਆ ਖਰੈਤੀ ਰਾਮ ਮਹਿੰਦਰੂ ਡੀ. ਏ. ਵੀ. ਕਾਲਜ ਨਕੋਦਰ, ਜ਼ਿਲ੍ਹਾ ਜਲੰਧਰ ਤੋਂ 1977 'ਚ ਪਾਸ ਕੀਤੀ।

ਦਸਵੀਂ ਪਾਸ ਕਰਨ ਤੋਂ ਬਾਅਦ ਜਦੋਂ ਉਹ ਕਾਲਜ 'ਚ ਤੇ ਨੌਕਰੀ 'ਚ ਗਿਆ ਤਾਂ ਉਹ ਲਗਾਤਾਰ ਆਪਣੇ ਅਧਿਆਪਕਾਂ ਨੂੰ ਸਨਮਾਨ ਵਜੋਂ ਹਰ ਸਾਲ ਨਵੇਂ ਸਾਲ 'ਤੇ ਵਧਾਈ ਦਾ ਕਾਰਡ ਕਈ ਸਾਲਾਂ ਤੱਕ ਭੇਜਦਾ ਰਿਹਾ। ਇਸ ਤੋਂ ਉਸ ਦੀ ਉੱਚੀ ਸੋਚ ਦਾ ਪਤਾ ਲੱਗਦਾ ਹੈ ਕਿ ਉਹ ਆਪਣੇ ਅਧਿਆਪਕਾਂ ਦਾ ਕਿੰਨਾ ਸਤਿਕਾਰ ਕਰਦਾ ਸੀ। ਇਹੋ ਸਤਿਕਾਰਤ ਵਤੀਰਾ ਉਸ ਦਾ ਆਪਣੇ ਘਰ ਦੇ ਪਰਿਵਾਰਕ ਮੈਂਬਰਾਂ ਤੇ ਸਮਾਜ ਨਾਲ ਵੀ ਇੰਝ ਹੀ ਸੀ।

ਆਪਣੀ ਪੜ੍ਹਾਈ ਖਤਮ ਕਰਨ ਉਪਰੰਤ ਉਹ ਤਹਿਸੀਲ ਭਲਾਈ ਅਫਸਰ ਚੁਣਿਆ ਗਿਆ ਤੇ ਉਸ ਦੀ ਨਿਯੁਕਤੀ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਈ। ਥੋੜ੍ਹਾ ਸਮਾਂ ਨੌਕਰੀ ਕਰਨ ਉਪਰੰਤ ਉਸ ਨੇ ਇਸ ਨੌਕਰੀ ਨੂੰ ਤਿਆਗ ਦਿੱਤਾ ਤੇ ਪੂਰੇ ਸਮੇਂ ਲਈ ਆਪਣੇ ਸਮਾਜ ਦੀ ਸੇਵਾ 'ਚ ਜੁੱਟ ਗਿਆ।ਇਸ ਉਪਰੰਤ ਉਸ ਨੇ 'ਬਹੁਜਨ ਸਮਾਜ ਪਾਰਟੀ' 'ਚ ਆਪਣੀ ਸ਼ਮੂ-ਲੀਅਤ ਕਰ ਲਈ ਤੇ ਪੱਕੇ ਤੌਰ 'ਤੇ ਬਾਬੂ ਕਾਂਸ਼ੀ ਰਾਮ ਜੀ ਨਾਲ ਜੁੜ ਗਿਆ।ਉਸ ਸਮੇਂ ਪੰਜਾਬ 'ਚ 'ਦਲਿਤ ਲਹਿਰ' ਚੱਲ ਰਹੀ ਸੀ। ਇਸ ਲਹਿਰ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਲਈ ਉਸ ਨੇ ਬਾਬੂ ਕਾਂਸ਼ੀ ਰਾਮ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਇਸ ਪਾਰਟੀ 'ਚ ਕੰਮ ਕਰਦਿਆਂ ਉਸ ਨੇ 'ਦਲਿਤ ਪ੍ਰਿੰਟ ਮੀਡੀਆ ਪੰਜਾਬ' ਦੀ ਸਥਾਪਨਾ ਲਈ ਮੁੱਖ ਭੂਮਿਕਾ ਨਿਭਾਈ।

ਮਿਤੀ ਨਵੰਬਰ 19, 1985 ਨੂੰ ਉਸ ਨੇ ਆਪਣੇ 'ਕੌਮੀ ਉਡਾਰੀਆਂ' ਮੈਗਜ਼ੀਨ ਦੀ ਸੰਪਾਦਨਾ ਸ਼ੁਰੂ ਕੀਤੀ। ਇਸ ਮੈਗਜ਼ੀਨ ਰਾਹੀਂ ਉਸ ਨੇ ਆਪਣੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਉਭਾਰਿਆ ਤੇ ਆਪਣੇ ਸਮਾਜ ਨਾਲ ਗੂੜ੍ਹੀ ਸੱਜਣ-ਤਾਈ ਗੰਢ ਲਈ।ਉਸ ਦੇ ਇਸ ਮੈਗਜ਼ੀਨ ਨਾਲ ਸਮਾਜ ਦੇ ਹਜ਼ਾਰਾਂ ਦੀ ਗਿਣਤੀ 'ਚ ਪਾਠਕ ਜੁੜ ਗਏ। ਇਸ ਮੈਗਜ਼ੀਨ ਦੀਆਂ ਲਿਖਤਾਂ ਨਾਲ ਹੀ ਉਸ ਨੇ ਆਪਣੀ ਬੌਧਿਕਤਾ ਦੀ ਪੈਂਠ ਬਣਾਈ। ਇਸ 'ਚ ਦਲਿਤ ਸਾਹਿਤ ਤੇ ਦਲਿਤ ਇਤਿਹਾਸ 'ਤੇ ਆਪਣੇ ਸਮਾਜ ਨੂੰ ਜੋੜਨ ਲਈ ਤੇ ਉਸ ਦੀ ਤਰੱਕੀ ਲਈ ਖੂਬ ਕਲਮ ਚਲਾਈ। ਆਪਣੇ ਦਲਿਤ ਸਮਾਜ ਨੂੰ 'ਮਾਨਵ ਬਰਾਬਰੀ' ਦੁਆਉਣ ਲਈ ਮਾਨਵਵਾਦੀ ਕਦਰਾਂ-ਕੀਮਤਾਂ 'ਤੇ ਲਿਖਿਆ। ਉਹ 'ਬਹੁਜਨ ਸਮਾਜ ਬੁਲਿਟਨ' ਹਫਤਾਵਾਰੀ ਅਖ਼ਬਾਰ ਦੇ 'ਰੈਜ਼ੀਡੈਂਟ ਐਡੀਟਰ' ਸਨ। ਜਿਸਨੂੰ ਬਾਬੂ ਕਾਂਸ਼ੀ ਰਾਮ ਜੀ ਨੇ ਜਾਰੀ ਕੀਤਾ ਸੀ। ਉਸ ਨੇ ਉੱਤਰੀ ਜਲੰਧਰ ਹਲਕੇ ਤੋਂ 1992 'ਚ ਵਿਧਾਨ ਸਭਾ ਹਲਕੇ ਦੀ ਬਸਪਾ ਵੱਲੋਂ ਚੋਣ ਵੀ ਲੜੀ ਸੀ। ਉਸ ਨੇ ਮੰਡਲ ਕਮਿਸ਼ਨ ਸੰਘਰਸ਼ ਸਮਿਤੀ ਦੁਆਰਾ ਬੀ. ਸੀ. ਸ਼੍ਰੇਣੀ ਵਾਸਤੇ 27 ਫੀਸਦੀ ਰਾਖਵੇਂਕਰਨ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਈ ਤੇ ਆਦਿ ਧਰਮ ਦੀ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਤਸਵੀਰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਲਗਵਾਈ।



ਉਸ ਨੇ ਆਪਣੇ ਸਮਾਜ 'ਚ ਤੇ ਇਸ ਤੋਂ ਬਾਹਰ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੁਆਰਾ ਸਥਾਪਤ 'ਆਦਿ ਧਰਮ ਲਹਿਰ' ਲਈ ਸਿਰਤੋੜ ਯਤਨ ਕੀਤੇ। ਉਸ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਜੀਵਨੀ, ਗਦਰ ਪਾਰਟੀ 'ਚ ਪਾਏ ਉਨ੍ਹਾਂ ਦੇ ਮਹਾਨ ਯੋਗਦਾਨ ਤੇ 'ਆਦਿ-ਧਰਮ ਲਹਿਰ' ਲਈ ਪਾਏ ਉਨ੍ਹਾਂ ਦੇ ਪੂਰਨਿਆਂ 'ਤੇ ਇਕ ਯਾਦਗਾਰੀ 'ਸੋਵੀਨਾਰ' ਕੱਢਿਆ, ਜਿਸ ਦੀ ਦਲਿਤ ਸਮਾਜ 'ਚ ਤੇ ਗਦਰ ਪਾਰਟੀ ਦੀਆਂ ਸਥਾਪਤ ਅਨੇਕਾਂ ਸੰਸਥਾਵਾਂ 'ਚ ਬੜੀ ਚਰਚਾ ਹੋਈ ਤੇ ਉਸ ਨੂੰ ਕਈ ਸਨਮਾਨਾਂ ਨਾਲ ਨਿਵਾਜਿਆ ਵੀ ਗਿਆ। ਇਹ ਉਸ ਲਈ ਇਕ ਇਤਿਹਾਸਕ ਲਮਹਾ ਸੀ। ਮਿਤੀ ਜੂਨ 11, 2000 ਨੂੰ ਉਸ ਨੇ 1931 ਦੀ ਆਦਿ-ਧਰਮ ਰਿਪੋਰਟ ਪ੍ਰਕਾਸ਼ਿਤ ਕੀਤੀ, ਜਿਸ 'ਚ 500 ਮੈਂਬਰਾਂ ਦੇ ਨਾਮ ਸ਼ਾਮਲ ਸਨ। ਇਨ੍ਹਾਂ ਨਾਵਾਂ ਦੀ ਪਹਿਲਾਂ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਇਹ ਉਸ ਦਾ ਇਕ ਖੋਜ ਭਰਪੂਰ ਉਪਰਾਲਾ ਸੀ।

ਆਪਣੇ ਸਮਾਜ ਦੀ ਸੇਵਾ ਦੇ ਨਾਲ-ਨਾਲ ਉਹ ਆਪਣੇ ਪਰਿਵਾਰ ਪ੍ਰਤੀ ਵੀ ਅਵੇਸਲਾ ਨਹੀਂ ਹੋਇਆ। ਉਸ ਨੇ ਆਪਣੇ ਚਾਰੋਂ ਬੱਚਿਆਂ, ਦੋ ਲੜਕੇ ਕੁਮਾਰਜੀਵ ਚੁੰਬਰ ਤੇ ਜਨਸੰਗਰਾਮ ਚੁੰਬਰ ਤੇ ਦੋ ਲੜਕੀਆਂ, ਰਵਜੋਤ ਤੇ ਅਮਨਦੀਪ ਨੂੰ ਉੱਚ ਸਿੱਖਿਆ ਦਿੱਤੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਤੇ ਅਕਸਰ ਕਿਹਾ ਕਰਦਾ ਸੀ ਕਿ ਬਿਨਾਂ ਵਿੱਦਿਆ ਦੇ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ। ਗਰੀਬੀ ਦਾ ਮੁੱਖ ਕਾਰਨ ਅਨਪੜ੍ਹਤਾ ਹੀ ਹੈ। ਅਗਰ ਮਾਨਵ ਨੇ ਆਪਣੇ ਘਰ ਤੇ ਸਮਾਜ ਦਾ ਪੱਧਰ ਉੱਚਾ ਚੁੱਕਣਾ ਹੈ ਤਾਂ ਇਹ ਬਿਨਾਂ ਵਿੱਦਿਆ ਹਾਸਲ ਕੀਤਿਆਂ ਨਾਮੁਮਕਿਨ ਹੈ। ਦਲਿਤ ਸਮਾਜ ਦੀ ਗੱਲ ਕਰਦਿਆਂ ਉਹ ਕਹਿੰਦਾ ਸੀ ਕਿ ਸਦੀਆਂ ਤੋਂ ਇਸ ਸਮਾਜ ਨੂੰ ਵਿਤਕਰੇ ਦੀ ਭਾਵਨਾ ਨਾਲ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝਾ ਰੱਖਿਆ ਹੋਣ ਕਰਕੇ ਅੱਜ ਇਹ ਸਮਾਜ ਪੱਛੜਿਆ ਹੋਇਆ ਹੈ। ਇਸ ਸਮਾਜ 'ਚ ਜਾਗਰੂਕਤਾ ਦੀ ਘਾਟ ਹੈ ਤੇ ਜੋ ਸਮਾਜਿਕ ਨਾ-ਬਰਾਬਰੀ ਦਾ ਵਿਤਕਰਾ ਕੀਤਾ ਜਾਂਦਾ ਹੈ, ਇਹ ਸਭ ਵਿੱਦਿਆ ਦੀ ਘਾਟ ਕਾਰਨ ਹੀ ਹੈ। ਇਸ ਦਲਿਤ ਸਮਾਜ ਦੀ ਦਸ਼ਾ ਸੁਧਾਰਨ ਲਈ ਬੱਚਿਆਂ ਨੂੰ ਵਿੱਦਿਆ ਹਾਸਲ ਕਰਾਉਣਾ ਸਾਡਾ ਮਾਤਾ-ਪਿਤਾ ਦਾ ਪਰਮ ਅਗੇਤ ਫਰਜ਼ ਬਣ ਜਾਂਦਾ ਹੈ।

ਉਸ ਦੀ ਪਤਨੀ ਸ੍ਰੀਮਤੀ ਸੰਤੋਸ਼ ਕੁਮਾਰੀ ਚੁੰਬਰ ਜੋ ਕਿੱਤੇ ਵਜੋਂ ਇਕ ਬਹੁਤ ਹੀ ਚੰਗੀ ਅਧਿਆਪਕਾ ਹੈ। ਉਹ ਬੜੀ ਸੁਸ਼ੀਲ, ਮਿਲਾਪੜੀ ਤੇ ਇਕ ਮਿਹਨਤੀ ਸੁਭਾਅ ਵਾਲੀ ਨਾਰੀ ਹੈ। ਭਾਵੇਂ ਉਸ ਦੇ ਪਤੀ ਭਾਵ ਸ੍ਰੀ ਸੀ. ਐਲ. ਚੁੰਬਰ ਪਾਸ ਸਮਾਜ ਸੇਵਾ ਦੇ ਰੁਝੇਵਿਆਂ ਕਾਰਨ ਆਪਣੇ ਪਰਿਵਾਰ ਲਈ ਸਮਾਂ ਘੱਟ ਹੁੰਦਾ ਸੀ ਪਰ ਫਿਰ ਵੀ ਇਹ ਸਮੇਂ ਦੀ ਘਾਟ, ਉਸ ਨੇ ਆਪਣੇ ਪਰਿਵਾਰ 'ਚ ਮਹਿਸੂਸ ਨਹੀਂ ਹੋਣ ਦਿੱਤੀ। ਉਸ ਨੇ ਆਪਣੀ ਨੌਕਰੀ ਦੇ ਨਾਲ-ਨਾਲ ਆਪਣੇ ਘਰ ਦੇ ਛੋਟੇ ਮੋਟੇ ਸਾਰੇ ਕੰਮਾਂ ਨੂੰ ਵੀ ਬੜੀ ਜ਼ਿੰਮੇਵਾਰੀ ਨਾਲ ਸੰਭਾਲਿਆ ਹੋਇਆ ਸੀ ਤੇ ਉਹ ਆਪਣੇ ਪਤੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਸੀ। ਉਸ ਨੇ ਆਪਣੇ ਪਤੀ ਦੀਆਂ ਜੀਵਨ 'ਚ ਆਈਆਂ ਸਭ ਔਕੜਾਂ ਦਾ ਪੂਰੀ ਤਨਦੇਹੀ ਨਾਲ ਸਾਥ ਦਿੱਤਾ।

ਸ੍ਰੀ ਸੀ. ਐਲ. ਚੁੰਬਰ ਤੋਂ ਤਿੰਨ ਭਰਾ ਛੋਟੇ ਹਨ। ਜਿਹਨਾਂ ਦੇ ਨਾਮ ਹਨ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸ੍ਰੀ ਤਰਸੇਮ ਲਾਲ ਚੁੰਬਰ ਤੇ ਸ੍ਰੀ ਰਵੀ ਪ੍ਰਕਾਸ਼ ਚੁੰਬਰ। ਇਹਨਾਂ ਤਿੰਨਾਂ ਭਰਾਵਾਂ ਤੇ ਤਿੰਨ ਭੈਣਾਂ ਦੇ ਸਿਰਾਂ ਤੇ ਵੀ ਹਮੇਸ਼ਾ ਆਪਣੇ ਵੱਡੇ ਭਰਾ ਦਾ ਹੱਥ ਰਿਹਾ। ਸ੍ਰੀ ਸੀ. ਐਲ. ਚੁੰਬਰ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੰਤੋਸ਼ ਕੁਮਾਰੀ ਨੇ ਬਿਨਾਂ ਕਿਸੇ ਵਿਤਕਰੇ ਦੇ ਆਪਣੇ ਛੋਟੇ ਭਰਾਵਾਂ ਤੇ ਭੈਣਾਂ ਦੀ ਹਮੇਸ਼ਾ ਮਦਦ ਕੀਤੀ। ਇਨ੍ਹਾਂ ਭਰਾਵਾਂ ਤੇ ਭੈਣਾਂ ਦੇ ਪਿਤਾ ਸ੍ਰੀ ਪੰਜਾਬ ਰਾਏ ਚੁੰਬਰ ਜੀ ਦੀ ਮੌਤ ਉਸ ਸਮੇਂ ਹੋਈ ਜਦੋਂ ਇਹ ਬੱਚੇ ਅਜੇ ਬਹੁਤ ਛੋਟੀ ਉਮਰ 'ਚ ਹੀ ਸਨ। ਇਨ੍ਹਾਂ ਦੀ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਨੇ ਬੜੇ ਸੰਘਰਸ਼ 'ਚੋਂ ਗੁਜ਼ਰ ਕੇ ਆਪਣੇ ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਕੀਤਾ ਤੇ ਸਭ ਨੂੰ ਚੰਗੀ ਵਿੱਦਿਆ ਦਿੱਤੀ ਤੇ ਰੁਜ਼ਗਾਰ ਦੇ ਕਾਬਲ ਬਣਾਇਆ। ਸ੍ਰੀ ਸੀ. ਐਲ. ਚੁੰਬਰ ਨੇ ਆਪਣੇ ਛੋਟੇ ਭਰਾਵਾਂ ਤੇ ਭੈਣਾਂ ਦਾ ਜੀਵਨ ਚੰਗਾ ਬਣਾਉਣ ਲਈ ਖੁਦ ਬੜੀ ਮਿਹਨਤ ਕੀਤੀ ਤੇ ਆਪਣੇ ਛੋਟੇ ਭੈਣ-ਭਰਾਵਾਂ ਦੀ ਯੋਗ ਅਗਵਾਈ ਕੀਤੀ ਤੇ ਕਿਸੇ ਤਰ੍ਹਾਂ ਦੀ ਉਹਨਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨ ਦਿੱਤਾ।

ਇਸ ਬੜੇ ਸੰਘਰਸ਼ ਨਾਲ ਸਾਰੇ ਪਰਿਵਾਰ ਨੂੰ ਆਪਣੀ-ਆਪਣੀ ਮੰਜ਼ਿਲ ਤੇ ਪਹੁੰਚਾਇਆ। ਵੱਡੇ ਭਰਾ ਨੇ ਬਾਪ ਦਾ ਫਰਜ਼ ਨਿਭਾਇਆ ਤੇ ਕਦੀ ਪਰਿਵਾਰ ਨੂੰ ਆਪਣੇ ਪਿਤਾ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਅੱਜ ਸਾਰਾ ਪਰਿਵਾਰ ਵੱਡੇ ਭਰਾ ਦੀ ਯੋਗ ਅਗਵਾਈ ਸਦਕਾ ਦਿਨ ਦੂਣੀ ਤੇ ਰਾਤ ਚੌਗੁਣੀ ਮਿਹਨਤ ਕਰਕੇ ਉੱਚ ਮੁਕਾਮ 'ਤੇ ਪਹੁੰਚੇ ਹੋਏ ਹਨ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਅੱਜਕਲ੍ਹ ਅਮਰੀਕਾ ਦੀ ਕੈਲੇਫੋਰਨੀਆ ਸਟੇਟ 'ਚ ਸਥਾਪਤ ਹੈ ਤੇ ਉਹ ਦੋ ਸਪਤਾਹਿਕ ਅਖ਼ਬਾਰਾਂ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਦਾ ਮੁੱਖ ਸੰਪਾਦਕ ਹੈ। ਉਹ ਇਹਨਾਂ ਅਖ਼ਬਾਰਾਂ ਰਾਹੀਂ ਆਪਣੇ ਸਮਾਜ ਦੀ ਸੇਵਾ ਕਰ ਰਿਹਾ ਹੈ।

ਉਸ ਨੇ ਆਪਣੀਆਂ ਅਖ਼ਬਾਰਾਂ ਦੀ ਸੰਪਾਦਨਾ, ਪੰਜਾਬੀ ਮਾਂ ਬੋਲੀ ਦੀ ਸੇਵਾ ਤੇ ਸਮਾਜ ਸੇਵਾ ਨਾਲ ਅੱਜ ਆਪਣਾ ਨਾਮ ਅੰਤਰ ਰਾਸ਼ਟਰੀ ਪੱਧਰ 'ਤੇ ਬਣਾਇਆ ਹੋਇਆ ਹੈ ਤੇ ਉਸ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਇਹ ਮੰਨਣਾ ਹੈ ਕਿ ਇਸ ਉਪਲਬਧੀ ਪਿੱਛੇ ਉਸ ਦੇ ਵੱਡੇ ਭਰਾ ਸ੍ਰੀ ਸੀ. ਐਲ. ਚੁੰਬਰ ਦੀ ਯੋਗ ਅਗਵਾਈ ਤੇ ਸਾਡੇ ਸਿਰ 'ਤੇ ਵੱਡੇ ਭਰਾ ਦਾ ਹੱਥ ਹੈ। ਉਹ ਆਪਣੇ ਵੱਡੇ ਭਰਾ ਦਾ ਬਹੁਤ ਸਤਿਕਾਰ ਕਰਦਾ ਹੈ ਕਿਉਂਕਿ ਉਸ ਦੇ ਭਰਾ ਨੇ ਕਦੇ ਵੀ ਉਨ੍ਹਾਂ ਨੂੰ ਬਾਪ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ।

ਸ੍ਰੀ ਸੀ. ਐਲ. ਚੁੰਬਰ ਨੂੰ ਦੁਨੀਆਂ ਭਰ ਦੇ ਵੱਡੇ ਵਿਦਵਾਨਾਂ ਦੀਆਂ ਮਹਾਨ ਰਚਨਾਵਾਂ ਤੇ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਂਕ ਸੀ। ਉਹ ਚੰਗੀ ਕਿਤਾਬ ਨੂੰ ਖਰੀਦਣ ਲਈ ਜ਼ਰਾ ਵੀ ਦੇਰ ਨਹੀਂ ਕਰਦਾ ਸੀ। ਆਪਣੀ ਕਮਾਈ 'ਚੋਂ ਜੋ ਉਸ ਦੀ ਬੱਚਤ ਹੁੰਦੀ, ਉਹ ਉਸ ਦੀਆਂ ਕਿਤਾਬਾਂ ਹੀ ਖਰੀਦਦਾ ਸੀ। ਅੱਜ ਉਸ ਦੇ ਘਰ ਇਕ ਵੱਡੀ ਲਾਇਬ੍ਰੇਰੀ ਮੌਜੂਦ ਹੈ। ਉਹ ਜਿਹੜੀ ਵੀ ਪੁਸਤਕ ਪੜ੍ਹਦਾ ਉਸ ਦੇ ਨੋਟਿਸ ਤਿਆਰ ਕਰ ਲੈਂਦਾ ਸੀ। ਇਸ ਕਰਕੇ ਹੀ ਉਸ ਦਾ ਗਿਆਨ ਭੰਡਾਰ ਬੜਾ ਵਸੀਹ ਸੀ ਤੇ ਉਹ ਕਿਸੇ ਵੀ ਵਿਸ਼ੇ 'ਤੇ ਹਾਰਦਾ ਨਹੀਂ ਸੀ ਤੇ ਆਪਣੀ ਗੱਲ ਗਿਆਨ ਤੇ ਦਲੀਲ ਨਾਲ ਮਨਾ ਲੈਂਦਾ ਸੀ।

ਉਹ ਕਈ ਵਾਰ ਮੇਰੇ ਨਾਲ ਕਈ ਵਿਸ਼ਿਆਂ 'ਤੇ ਚਰਚਾ ਕਰਦਾ ਰਹਿੰਦਾ ਸੀ ਤੇ ਉਸ ਦੇ ਵਿਸ਼ਾਲ ਗਿਆਨ 'ਤੇ ਮੈਨੂੰ ਬੜਾ ਫਖਰ ਸੀ ਕਿ ਉਹ ਮੇਰਾ ਸਿੱਖਿਆਰਥੀ ਹੈ। ਇਹ ਚਾਰੋ ਭਰਾ ਹੀ ਮੇਰੇ ਵਿਦਿਆਰਥੀ ਹਨ ਤੇ ਸਾਰੇ ਭਰਾ ਹੀ ਪੜ੍ਹਾਈ 'ਚ ਬੜੇ ਹੁਸ਼ਿਆਰ ਸਨ ਤੇ ਆਪਣੇ ਪੁਰਾਣੇ ਅਧਿਆਪਕਾਂ ਦਾ ਬੜਾ ਸਤਿਕਾਰ ਕਰਦੇ ਹਨ। ਇਹ ਹਲੀਮੀ ਤੇ ਸਤਿਕਾਰ ਦੀ ਭਾਵਨਾ ਹੀ ਉਨ੍ਹਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਣ 'ਚ ਸਹਾਈ ਹੋਈ ਹੈ।

ਸ੍ਰੀ ਸੀ. ਐਲ. ਚੁੰਬਰ ਨੇ ਬੜੀ ਨਿਡਰਤਾ ਨਾਲ ਆਪਣੀ ਕਲਮ ਚਲਾਈ। ਆਪਣੀ ਤਿੱਖੀ ਤੇ ਤੇਜ਼-ਤਰਾਰ ਲੇਖਣੀ ਕਾਰਨ ਉਸ ਨੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਸਮਾਜ ਸਾਹਮਣੇ ਰੱਖਿਆ ਤੇ ਸਮੱਸਿਆਵਾਂ ਦੇ ਹੱਲ ਲਈ ਸੁਝਾਅ ਵੀ ਦਿੱਤੇ।

ਦਲਿਤ ਸਾਹਿਤ ਤੇ ਇਸ ਦੇ ਸੁਨਹਿਰੀ ਇਤਿਹਾਸ ਦੀ ਆਪਣੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ। ਦਲਿਤ ਮਾਨਵ ਦੀ ਸਮਾਜਿਕ ਬਰਾਬਰੀ ਲਈ ਸਾਰੀ ਉਮਰ ਸੰਘਰਸ਼ ਕੀਤਾ ਤੇ ਆਪਣੀ ਹਰ ਲੇਖਣੀ ਨੂੰ ਮਾਨਵਵਾਦ ਨਾਲ ਜੋੜ ਕੇ ਮਾਨਵਵਾਦੀ ਨਜ਼ਰੀਏ ਨਾਲ ਲਿਖਿਆ ਤਾਂ ਕਿ ਦਲਿਤ ਮਾਨਵ ਨੂੰ ਸਮਾਜਿਕ ਬਰਾਬਰੀ ਦਾ ਰੁਤਬਾ ਮਿਲ ਸਕੇ।

ਉਸ ਨੂੰ ਇਸ ਤਰ੍ਹਾਂ ਦੀ ਲੇਖਣੀ ਦਾ ਕਈ ਵਾਰ ਵਿਰੋਧ ਵੀ ਝੱਲਣਾ ਪਿਆ ਪਰ ਉਸ ਨੇ ਇਸ ਵਿਰੋਧ ਦੀ ਪਰਵਾਹ ਨਹੀਂ ਕੀਤੀ ਸਗੋਂ ਹੋਰ ਤਕੜੇ ਹੋ ਕੇ ਇਸ ਦਾ ਮੁਕਾਬਲਾ ਕੀਤਾ।

ਬਹੁਜਨ ਸਮਾਜ ਲਈ ਕੀਤੀ ਗਈ ਉਨ੍ਹਾਂ ਦੀ ਸੇਵਾ ਨੂੰ ਸਮਾਜ ਕਦੇ ਭੁਲਾਅ ਨਹੀਂ ਸਕਦਾ। ਉਸਦੇ ਅਚਾਨਕ ਇਸ ਸੰਸਾਰ ਤੋਂ ਚਲੇ ਜਾਣ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਤੇ ਚੁੰਬਰ ਪਰਿਵਾਰ ਦਾ, ਉਨ੍ਹਾਂ ਪਾਸੋਂ ਇਕ ਅਨਮੋਲ ਹੀਰਾ ਹੱਥਾਂ 'ਚੋਂ ਨਿਕਲ ਗਿਆ ਹੈ ਜਿਸਦਾ ਵਿਛੋੜਾ ਸਦਾ ਉਨ੍ਹਾਂ ਨੂੰ ਮਹਿਸੂਸ ਹੁੰਦਾ ਰਹੇਗਾ। ਇਸ ਦੁੱਖ ਦੀ ਘੜੀ 'ਚ ਮੈਂ ਵਿਛੜੀ ਰੂਹ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਪਿੱਛੇ ਚੁੰਬਰ ਪਰਿਵਾਰ ਨੂੰ ਭਾਣਾ ਮੰਨਣ ਤੇ ਬਲ ਬਖਸ਼ਣ ਲਈ ਤੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹਾਂ।

# ਆਹ ! ਚੁੰਬਰ ਸਾਹਿਬ ਜੀ ! ! ਕਿੱਧਰ ਚਲੇ ਗਏ ! ! !



- ਫਤਿਹਜੰਗ ਸਿੰਘ
91-98726-70278

ਬਹੁਤ ਡੂੰਘਾ ਅਫਸੋਸ ਹੋਇਆ ਜਦੋਂ ਪ੍ਰੇਮ ਕੁਮਾਰ ਚੁੰਬਰ ਉਨ੍ਹਾਂ ਨੇ ਆਪਣੇ ਵੱਡੇ ਭਰਾ ਸੀ. ਐਲ. ਚੁੰਬਰ ਦੇ ਤੁਰ ਜਾਣ ਦੀ ਦੁਖਦਾਈ ਖ਼ਬਰ ਦਿੱਤੀ। ਉਹ ਗੱਲ ਕਰਦਿਆਂ ਹੀ ਫੁੱਟ ਪਏ ਅਤੇ ਗਲਾ ਰੁੰਧਿਆ ਗਿਆ। ਬਿਲਕੁਲ ਕੁਦਰਤੀ ਸੀ- ਪਿਓ ਵਰਗਾ ਵੱਡਾ ਭਰਾ ਜੋ ਹਰ ਤਰ੍ਹਾਂ ਨਾਲ ਆਪਣੇ ਛੋਟੇ ਭਰਾਵਾਂ ਨੂੰ ਬੱਚਿਆਂ ਵਾਂਗੂੰ ਪਿਆਰ ਕਰਦਾ ਹੋਵੇ, ਦੁੱਖ-ਸੁੱਖ ਵਿਚ ਜ਼ਿੰਦਗੀ ਦੇ ਹਰ ਖੇਤਰ ਵਿਚ ਹਰ ਵੇਲੇ ਸੱਜੀ-ਖੱਬੀ ਬਾਂਹ ਬਣ ਕੇ ਖਲੋਇਆ ਹੋਵੇ ਉਸਦੇ ਸਦਾ ਲਈ ਤੁਰ ਜਾਣ ਸਮੇਂ ਕਿਉਂ ਨਹੀਂ ਰੋਣਾ ਆਵੇਗਾ।

ਮੈਂ ਸੀ. ਐਲ. ਚੁੰਬਰ ਨੂੰ ਪਹਿਲੀ ਵਾਰ ਉਨੀ ਸੌ ਅੱਸੀਵਿਆਂ ਵਿਚ ਉਦੋਂ ਮਿਲਿਆ ਸੀ ਜਦੋਂ ਉਹ ਚੜ੍ਹਦੀ ਉਮਰੇ ਨਵੇਂ ਜੋਸ਼, ਨਵੇਂ ਵਿਚਾਰਾਂ ਨਾਲ ਲੈਸ, ਉਤਸ਼ਾਹ ਭਰਪੂਰ ਕੁਝ ਕਰ ਗੁਜ਼ਰਨ ਲਈ ਤਿਆਰ ਨੌਜਵਾਨ ਸੀ। ਮੈਂ ਉਸ ਵੇਲੇ 'ਬਹੁਜਨ ਲਹਿਰ' ਨਾਲ ਜੁੜਿਆ ਹਫਤਾਵਾਰੀ 'ਬਹੁਜਨ ਸੰਦੇਸ਼' ਦੀ ਐਡੀਟਿੰਗ ਦਾ ਕੰਮ ਕਰਦਾ ਸੀ। ਪੇਪਰ ਸਬੰਧੀ ਇਹਨਾਂ ਨੇ ਮੇਰੇ ਨਾਲ ਕਈ ਸਾਰਥਕ ਵਿਚਾਰ ਸਾਂਝੇ ਕੀਤੇ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਬਾਰੇ ਬੜਾ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਮੈਂ ਬਾਬੂ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼ ਅੰਕ ਕੱਢਣ ਦਾ ਵਿਚਾਰ ਬਣਾਇਆ। ਇਹ ਬਹੁਤ ਖੁਸ਼ ਹੋਏ ਅਤੇ ਬਾਬੂ ਜੀ ਸਬੰਧੀ ਕਾਫੀ ਮੈਟਰ ਅਤੇ ਫੋਟੋਆਂ ਉਪਲਬਧ ਕਰਵਾਈਆਂ। ਫਿਰ ਜਦੋਂ ਵੀ ਉਹ ਆਉਂਦੇ ਉਸਾਰੂ ਸੁਝਾਅ ਦਿੰਦੇ। ਫਿਰ ਕਈ ਸਾਲ ਸਾਡਾ ਸੰਪਰਕ ਟੁੱਟਿਆ ਰਿਹਾ।

ਫਿਰ ਉਹ ਉਦੋਂ ਮਿਲੇ ਜਦੋਂ 8-9 ਸਾਲ ਪਹਿਲਾਂ 'ਰੋਜ਼ਾਨਾ ਸਪੋਕਸਮੈਨ' ਪੇਪਰ ਨਾਲ ਸਰਕਾਰੀ ਵਧੀਕੀਆਂ ਦੇ ਖ਼ਿਲਾਫ਼ ਚੰਡੀਗੜ੍ਹ ਵਿਚ ਇਕ ਵੱਡਾ ਰੋਸ ਮੁਜ਼ਾਹਰਾ ਕੀਤਾ ਗਿਆ ਸੀ, ਜਿਸ ਵਿਚ ਵੱਡੀ ਗਿਣਤੀ ਵਿਚ ਲੇਖਕ ਅਤੇ ਪੱਤਰਕਾਰ ਸ਼ਾਮਲ ਹੋਏ ਸਨ। ਉਹ ਜਲੰਧਰੋਂ ਉਚੇਚੇ ਆਪਣੇ ਸਾਥੀਆਂ ਨਾਲ ਇਸ ਵਿਚ ਸ਼ਾਮਲ ਹੋਣ ਲਈ ਆਏ ਸਨ। ਮੈਂ ਵੀ ਉਸ ਵਿਚ ਸ਼ਾਮਲ ਸੀ ਤੇ ਉਹਨਾਂ ਨੇ ਬੜੇ ਰੋਹ ਭਰੇ ਅੰਦਾਜ਼ ਵਿਚ ਸਰਕਾਰੀ ਵਧੀਕੀਆਂ ਦਾ ਜ਼ਿਕਰ ਕੀਤਾ ਅਤੇ ਸਪੋਕਸਮੈਨ ਦੇ ਰੋਲ ਦੀ ਸ਼ਲਾਘਾ ਕੀਤੀ। ਲੋਕਾਂ ਦੇ ਹਿੱਤ ਵਿਚ ਕਿਸੇ ਵੀ ਸਮਾਜਿਕ ਘੋਲ ਦੇ ਉਹ ਹਮਾਇਤੀ ਸਨ।

ਫਿਰ ਦੋ ਕੁ ਸਾਲ ਪਹਿਲਾਂ ਅਚਾਨਕ ਉਹਨਾਂ ਦਾ ਫੋਨ ਆਇਆ। ਕਹਿਣ ਲੱਗੇ ਆਪਣੀ ਜੀਵਨੀ ਲਿਖੋ। ਮੈਂ ਆਪਣੀ ਪੜ੍ਹਾਈ ਕਰਨ ਵੇਲੇ ਦੀਆਂ ਦੁਸ਼ਵਾਰੀਆਂ ਦਾ ਜ਼ਿਕਰ ਕਦੇ ਉਹਨਾਂ ਕੋਲ ਕੀਤਾ ਸੀ।

ਫਿਰ ਬਹੁਜਨ ਲਹਿਰ ਵੇਲੇ ਦੀਆਂ ਕਾਂਸ਼ੀ ਰਾਮ ਜੀ ਦੀਆਂ ਯਾਦਾਂ ਵੀ ਕੁਝ ਮੇਰੀਆਂ ਛਪੀਆਂ ਸਨ ਜੋ ਉਹਨਾਂ ਨੇ ਪੜ੍ਹ ਲਈਆਂ ਸਨ। ਗੱਲਾਂ-ਬਾਤਾਂ ਵਿਚ ਉਹਨਾਂ ਨੇ ਕਿਤਾਬ ਦੇ ਚੈਪਟਰ ਵੀ ਬਣਾ ਕੇ ਸਮਝਾ ਦਿੱਤੇ ਤੇ ਹੋਰ ਕਿਸੇ ਮਦਦ ਦਾ ਹੁੰਗਾਰਾ ਵੀ ਭਰ ਦਿੱਤਾ। ਕਿਸੇ ਦੀ ਮਦਦ ਕਰਨ ਦਾ ਕਿੰਨਾ ਮਾਦਾ ਸੀ ਉਹਨਾਂ ਵਿਚ।

ਹੁਣ ਕੁਝ ਮਹੀਨੇ ਹੀ ਪਹਿਲਾਂ ਉਹਨਾਂ ਦਾ ਫਿਰ ਫੋਨ ਆਇਆ ਕਿ ਤੁਸੀਂ ਜੀਵਨੀ ਤਾਂ ਲਿਖਣੀ ਨਹੀਂ ਤੁਹਾਡੀ ਡਾਕੂਮੈਂਟਰੀ ਫਿਲਮ ਬਣਾ ਦੇਈਏ? ਤੁਸੀਂ ਸਾਰਾ ਮਸਾਲਾ ਇਕੱਠਾ ਕਰ ਲਓ ਮੈਂ ਤਰਤੀਬ ਦੇ ਦੇਵਾਂਗਾ। ਬੇਟਾ ਇਸ ਕੰਮ ਦੀ ਜਾਣਕਾਰੀ ਰੱਖਦਾ ਹੈ, ਉਸਦੀ ਮਦਦ ਲੈ ਲਵਾਂਗੇ। ਉਹਨਾਂ ਨੇ ਬੜਾ ਜ਼ੋਰ ਦੇ ਕੇ ਆਖਿਆ ਸੀ। ਕਈ ਦਿਨਾਂ ਬਾਅਦ ਇਸ ਪ੍ਰਾਜੈਕਟ 'ਤੇ ਗੰਭੀਰ ਹੋ ਕੇ ਜ਼ੋਰ ਦੇਣ ਦੀ ਤਾਕੀਦ ਕੀਤੀ। ਤੇ ਇਹ ਮੇਰੀ ਉਹਨਾਂ ਨਾਲ ਆਖਰੀ ਗੱਲਬਾਤ ਸੀ। ਕਿੰਨੀ ਚਿੰਤਾ ਰਹਿੰਦੀ ਸੀ ਉਹਨਾਂ ਨੂੰ ਦੂਜਿਆਂ ਦੇ ਕੰਮ ਦੀ।

ਉਹ ਸੱਚਮੁਚ ਹੀ ਦੂਜਿਆਂ ਦੇ ਕੰਮ ਆਉਣ ਵਾਲੀ ਇਨਸਾਨੀ ਫਿਤਰਤ ਦੇ ਮਾਲਕ ਸਨ। ਮਿਹਨਤ, ਸੰਘਰਸ਼, ਪੜ੍ਹਨਾ-ਲਿਖਣਾ, ਦੱਬੇ ਕੁਚਲਿਆਂ ਲਈ ਦਿਨ ਰਾਤ ਕੰਮ ਕਰਨਾ, ਸਪਸ਼ਟ ਤੇ ਨਿਰਪੱਖ ਸੋਚ ਰੱਖਣੀ, ਨਿਡਰਤਾ ਨਾਲ ਆਪਣਾ ਪੱਖ ਰੱਖਣਾ ਆਦਿ ਉਹਨਾਂ ਦੇ ਹੋਰ ਦੂਜੇ ਗੁਣ ਸਨ। ਉਹ ਮਾਸਿਕ 'ਕੌਮੀ ਉਡਾਰੀਆਂ' ਪੱਤਰ ਕੱਢਦੇ ਰਹੇ ਜਿਸ ਵਿਚ ਦੱਬੇ ਕੁਚਲੇ ਸਮਾਜ ਦੀਆਂ ਦੁਸ਼ਵਾਰੀਆਂ, ਦਿਸ਼ਾ ਨਿਰਦੇਸ਼, ਰਾਹਤ, ਸੇਧ ਦਾ ਹੀ ਜ਼ਿਕਰ ਹੁੰਦਾ। ਬਹੁਜਨ ਸਮਾਜ ਲਹਿਰ ਦੇ ਮੋਢੀ ਕਾਂਸ਼ੀ ਰਾਮ ਜੀ ਨਾਲ ਉਹ ਮੋਢੇ ਨਾਲ ਮੋਢਾ ਲਾ ਕੇ ਤੁਰਦੇ ਰਹੇ। ਸਮਾਜ ਲਈ ਕੰਮ ਆਉਣ ਦਾ ਜਜ਼ਬਾ ਉਹਨਾਂ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਇਹ ਉਹਨਾਂ ਦੀ ਸੇਧ ਅਤੇ ਸਿੱਖਿਆ ਦਾ ਹੀ ਅਸਰ ਹੋਵੇਗਾ ਕਿ ਉਹਨਾਂ ਦੇ ਛੋਟੇ ਭਰਾ ਪੀ. ਸੀ. ਚੁੰਬਰ ਉਹਨਾਂ ਦੇ ਕਦਮ ਚਿੰਨ੍ਹਾਂ ਤੇ ਚੱਲਦੇ ਹੋਏ ਸਮਾਜਿਕ ਸੇਧ ਲਈ ਹੀ ਦੇਸ਼ ਤੋਂ ਦੂਰ ਅਮਰੀਕਾ ਦੀ ਧਰਤੀ ਤੋਂ ਦੋ ਹਫਤਾਵਾਰੀ 'ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼' ਬੜੀ ਸਫਲਤਾ ਨਾਲ ਚਲਾ ਰਹੇ ਹਨ।

ਸੀ. ਐਲ. ਚੁੰਬਰ ਦੇ ਜਾਣ ਨਾਲ ਚੁੰਬਰ ਪਰਿਵਾਰ ਨੂੰ ਤਾਂ ਨਿਸ਼ਚੇ ਹੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਕੌਮ ਅਤੇ ਸਮਾਜ ਤੋਂ ਵੀ ਉਹਨਾਂ ਦਾ ਘਾਟਾ ਨਹੀਂ ਪੂਰਿਆ ਜਾਣਾ। ਉਹਨਾਂ ਦੀ ਉਮਰ ਹਾਲੇ ਕੋਈ ਤੁਰ ਜਾਣ ਦੀ ਹੈ ਵੀ ਨਹੀਂ ਸੀ। ਹਾਲੇ ਤਾਂ ਛੇ ਦਹਾਕੇ ਵੀ ਪੂਰੇ ਨਹੀਂ ਸੀ ਹੋਏ। ਇਹੀ ਤਾਂ ਉਮਰ ਸੀ ਜਦੋਂ ਪ੍ਰੋੜਤਾ ਨਾਲ ਸਮਾਜ ਨੂੰ ਸਹੀ ਰਾਹ ਵਿਖਾ ਕੇ ਸੱਚੇ ਮਾਰਗ ਦਾ ਗਾਡੀ ਬਣਿਆ ਜਾ ਸਕਦਾ ਸੀ। ਕਾਸ਼! ਚੁੰਬਰ ਸਾਹਿਬ ਘੱਟੋ ਘੱਟ ਦੋ ਕੁ ਦਹਾਕੇ ਹੋਰ ਸਾਡੇ ਵਿਚਕਾਰ ਰਹਿ ਸਕਦੇ!

# 'ਡਾਕਟਰ ਦਲੀਪ ਕੌਰ ਟਿਵਾਣਾ ਦੇ ਇਸ ਸੰਸਾਰ ਤੋਂ ਅਲਵਿਦਾ ਹੋਣ 'ਤੇ

ਪੰਜਾਬੀ ਸਾਹਿਤ ਦੇ ਇਤਿਹਾਸ ਦੀ ਪ੍ਰਸਿੱਧ ਨਾਵਲਕਾਰਾ ਡਾ. ਦਲੀਪ ਕੌਰ ਟਿਵਾਣਾ ਜਿਹਨਾਂ ਦੀ ਉਮਰ 85 ਸਾਲ ਸੀ, ਦਾ ਮਿਤੀ 31 ਜਨਵਰੀ 2020 ਨੂੰ ਦਿਲ ਦੀ ਹਰਕਤ ਰੁਕਣ ਕਾਰਨ ਦੇਹਾਂਤ ਹੋ ਗਿਆ ਹੈ। ਉਹ ਮੁਹਾਲੀ ਦੇ ਫੇਜ਼ 6 ਵਿਚ ਸਥਿਤ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਵਿਚ ਪਿਛਲੇ ਕਈ ਦਿਨਾਂ ਤੋਂ ਫੇਫੜਿਆਂ ਦੇ ਰੋਗ ਤੋਂ ਪੀੜਤ ਸਨ ਤੇ ਉਹ ਸਾਹ ਲੈਣ 'ਚ ਹੋ ਰਹੀ ਤਕਲੀਫ਼ ਦਾ ਇਲਾਜ ਕਰਵਾ ਰਹੇ ਸਨ। ਉਹਨਾਂ ਨੇ ਸ਼ੁੱਕਰਵਾਰ ਵਾਲੇ ਦਿਨ ਸ਼ਾਮੀ ਸਵਾ 3 ਵਜੇ ਆਖਰੀ ਸਾਹ ਲਿਆ ਤੇ ਇਸ ਸੰਸਾਰ ਨੂੰ ਅਲਵਿਦਾ ਆਖ ਗਏ।

ਡਾ. ਦਲੀਪ ਕੌਰ ਟਿਵਾਣਾ ਨੇ 'ਇਹ ਹਮਾਰਾ ਜੀਵਣਾ', 'ਵਾਟ ਹਮਾਰੀ', 'ਲੰਘ ਗਏ ਪ੍ਰਸ਼ਾਵੇਂ", 'ਕਥਾ ਕਹੋ ਉਰਵਸ਼ੀ' ਸਮੇਤ ਸਮਾਜ ਨੂੰ ਸੇਧ ਦੇਣ ਵਾਲੀਆਂ ਅਣਗਿਣਤ ਕਿਤਾਬਾਂ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਝੋਲੀ ਪਾਈਆਂ। ਉਨ੍ਹਾਂ ਨੇ ਜ਼ਿਆਦਾਤਰ ਮਜ਼ਲੂਮ ਔਰਤਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਨਾਲ ਹੁੰਦਾ ਸਮਾਜ ਵਿਚ ਨੀਵੇਂ ਪੱਧਰ ਦਾ ਵਿਵਹਾਰ ਬਾਰੇ ਬੜੀ ਦਲੇਰੀ ਤੇ ਨਿਸ਼ਠਾ ਨਾਲ ਲਿਖਿਆ।

ਉਹ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਸਵਰਗਵਾਸੀ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਦੂਸਰੀ ਔਰਤ ਲੇਖਿਕਾ ਸੀ, ਜਿਸ ਨੇ ਪੰਜਾਬੀ 'ਚ ਔਰਤਾਂ ਦੇ ਦੁਖਾਂਤ ਤੇ ਉਹਨਾਂ ਦੀ ਮਾਨਸਿਕ ਵੇਦਨਾ ਨੂੰ ਮਹਿਸੂਸ ਕਰਦਿਆਂ ਉਨ੍ਹਾਂ ਦੇ ਦੁਖੜੇ ਆਪਣੀਆਂ ਰਚਨਾਵਾਂ 'ਚ ਬਿਆਨ ਕੀਤੇ ਤੇ ਉਹਨਾਂ ਨੂੰ ਹੱਲ ਕਰਨ ਦੇ ਸੁਝਾਅ ਵੀ ਆਪਣੀ ਲੇਖਣੀ ਦੁਆਰਾ ਪੁਰਜ਼ੋਰ ਸ਼ਬਦਾਵਲੀ 'ਚ ਬਿਆਨ ਕੀਤੇ। ਇਸ ਤਰ੍ਹਾਂ ਉਹਨਾਂ ਨੇ ਅੰਮ੍ਰਿਤਾ ਪ੍ਰੀਤਮ ਦੀ ਪਾਈ ਪ੍ਰੰਪਰਾ ਨੂੰ ਚਾਰ ਚੰਨ ਲਾ ਕੇ ਹੋਰ ਅੱਗੇ ਵਧਾਇਆ ਤੇ ਉਹ ਔਰਤ ਦੀ ਆਵਾਜ਼ ਬਣ ਗਈ। ਇਸ ਤਰ੍ਹਾਂ ਡਾ. ਦਲੀਪ ਕੌਰ ਟਿਵਾਣਾ ਨੇ ਆਪਣੀਆਂ ਅਦਭੁੱਤ ਤੇ ਉੱਚਤਮ ਰਚਨਾਵਾਂ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਨਾਂ ਕੌਮੀ ਤੇ ਅੰਤਰ ਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ।

ਡਾ. ਦਲੀਪ ਕੌਰ ਟਿਵਾਣਾ ਦਾ ਜਨਮ 4 ਮਈ 1935 ਨੂੰ ਪੰਜਾਬ ਦੇ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਉੱਚੀ ਰੱਬੋਂ ਵਿਖੇ ਇਕ ਚੰਗੀ ਜ਼ਮੀਨ-ਜਾਇਦਾਦ ਦੇ ਮਾਲਕ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਸ. ਕਾਕਾ ਸਿੰਘ ਤੇ ਮਾਤਾ ਜੀ ਦਾ ਨਾਂ ਸਰਦਾਰਨੀ ਚੰਦ ਕੌਰ ਸੀ। ਉਹਨਾਂ ਦੇ ਚਾਚਾ ਜੀ ਸਰਦਾਰ ਸਾਹਿਬ ਤਾਰਾ ਸਿੰਘ ਸਿੱਧੂ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਸਨ।

ਡਾ. ਦਲੀਪ ਕੌਰ ਟਿਵਾਣਾ ਦਾ ਵਿਲੱਖਣ ਅਕਾਦਮਿਕ ਕੈਰੀਅਰ ਸੀ। ਉਹਨਾਂ ਨੇ ਪਟਿਆਲਾ ਦੇ ਸਰਕਾਰੀ ਮਹਿੰਦਰਾ ਕਾਲਜ 'ਚੋਂ ਉੱਚ ਸਿੱਖਿਆ ਪ੍ਰਾਪਤ ਕੀਤੀ। ਉਹਨਾਂ ਨੇ ਆਪਣੀ ਐਮ. ਏ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀ, ਖੋਜ 'ਚ ਪਹਿਲਾ ਦਰਜਾ ਹਾਸਲ ਕੀਤਾ। ਇੱਥੋਂ ਹੀ ਉਹਨਾਂ ਨੇ ਪੀ. ਐਚ. ਡੀ. ਦੀ ਡਿਗਰੀ ਪਾਸ ਕੀਤੀ। ਉਹ ਯੂਨੀਵਰਸਿਟੀ 'ਚੋਂ ਪੀ. ਐਚ. ਡੀ. ਦੀ ਡਿਗਰੀ ਹਾਸਲ ਕਰਨ ਵਾਲੀ ਪਹਿਲੀ ਔਰਤ ਸੀ।

ਡਾ. ਦਲੀਪ ਕੌਰ ਟਿਵਾਣਾ ਦਾ ਸਾਹਿਤਕ ਸਫ਼ਰ 1961 'ਚ ਕਹਾਣੀਆਂ ਦੀ ਕਿਤਾਬ 'ਸਾਧਨਾ' ਨਾਲ ਆਰੰਭ ਹੋਇਆ ਤੇ ਉਸ ਨੂੰ ਭਾਸ਼ਾ ਵਿਭਾਗ ਵੱਲੋਂ ਸਾਲ ਦੀ ਸਰਵੋਤਮ ਕਿਤਾਬ ਦਾ ਇਨਾਮ ਮਿਲਿਆ। 1963 ਵਿਚ ਉਹਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਕ ਪੰਜਾਬੀ ਲੈਕਚਰਾਰ ਵਜੋਂ ਸੇਵਾਵਾਂ ਸ਼ੁਰੂ ਕੀਤੀਆਂ ਅਤੇ ਇੱਥੇ ਹੀ ਉਹ ਫਿਰ ਪ੍ਰੋਫੈਸਰ ਅਤੇ ਪੰਜਾਬੀ ਵਿਭਾਗ ਦੇ ਮੁਖੀ ਤੇ ਡੀਨ, ਭਾਸ਼ਾਵਾਂ ਦੇ ਫੈਕਲਟੀ ਬਣੇ। ਉਹ ਇਕ ਸਾਲ ਲਈ ਯੂ. ਜੀ. ਸੀ. ਦੇ ਨੈਸ਼ਨਲ ਲੈਕਚਰਾਰ ਵੀ ਰਹੇ। ਉਹ ਉਮਰ ਭਰ ਲਈ ਯੂਨੀਵਰਸਿਟੀ ਦੇ ਨਾਮਜ਼ਦ ਸੈਨੇਟਰ ਵੀ ਰਹੇ। ਇੱਥੋਂ ਹੀ ਉਹ ਲੰਮਾ ਸਮਾਂ ਆਪਣੀਆਂ ਸੇਵਾਵਾਂ ਕਰਕੇ ਸੇਵਾ ਮੁਕਤ ਹੋਏ।

ਉਹਨਾਂ ਦੀ ਸ਼ਾਦੀ ਸਮਾਜ ਸ਼ਾਸਤਰੀ ਅਤੇ ਕਵੀ ਪ੍ਰੋਫੈਸਰ ਭੁਪਿੰਦਰ ਸਿੰਘ ਨਾਲ ਹੋਈ। ਉਹਨਾਂ ਦੇ ਪਤੀ ਪੰਜਾਬੀ ਯੂਨੀਵਰਸਿਟੀ ਵਿਚ ਸਮਾਜ ਵਿਭਾਗ ਵਿਚ ਪ੍ਰੋਫੈਸਰ ਸਨ। ਉਹਨਾਂ ਦਾ ਇਕ ਬੇਟਾ ਡਾ. ਸਿਮਰਨਜੀਤ ਸਿੰਘ ਹੈ, ਜਿਹੜਾ



ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਦਾ ਅਸਿਸਟੈਂਟ ਪ੍ਰੋਫੈਸਰ ਹੈ। ਡਾ. ਟਿਵਾਣਾ ਆਪਣੇ ਪਰਿਵਾਰ ਸਮੇਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਂਪਸ ਵਿਚ ਰਹਿੰਦੇ ਸਨ।

ਡਾ. ਟਿਵਾਣਾ ਦਾ ਪਹਿਲਾ ਨਾਵਲ 'ਅਗਨੀ ਪ੍ਰੀਖਿਆ' 1967 'ਚ ਡਾ. ਰੰਧਾਵਾ ਦੀ ਪ੍ਰੇਰਨਾ ਨਾਲ ਛਪਿਆ। 'ਇਹ ਹਮਾਰਾ ਜੀਵਣਾ' 1968 'ਚ ਉਹਨਾਂ ਦਾ ਦੂਜਾ ਨਾਵਲ ਸੀ, ਜਿਸ ਨੂੰ 1971 ਵਿਚ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਨਾਵਲ ਦਾ ਅੰਗਰੇਜ਼ੀ ਅਤੇ ਹਿੰਦੀ ਸਮੇਤ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਅਤੇ ਦੂਰਦਰਸ਼ਨ ਜਲੰਧਰ ਨੇ ਇਸ ਨਾਵਲ 'ਤੇ ਆਧਾਰਿਤ ਇਕ ਟੀ. ਵੀ. ਸੀਰੀਅਲ ਦਾ ਨਿਰਮਾਣ ਕੀਤਾ। ਇਸ ਨਾਵਲ ਰਾਹੀਂ ਟਿਵਾਣਾ ਔਰਤ ਦੀਆਂ ਸਮੱਸਿਆਵਾਂ ਦੀ ਗੱਲ ਕਰਦੀ ਹੋਈ, ਬੁਰੀ ਸਮਾਜਿਕ ਵਿਵਸਥਾ ਉਪਰ ਤਿੱਖਾ ਵਿਅੰਗ ਕਸਦੀ ਹੈ। 'ਤੀਲੀ ਦਾ ਨਿਸ਼ਾਨ' 1971, 'ਸੂਰਜ ਤੇ ਸਮੁੰਦਰ' 1972, ਦੂਸਰੀ ਸੀਤਾ' 1975, 'ਹਸਤਾਖਰ' 1982, 'ਰਿਣ ਪਿਤਰਾਂ' 1986, 'ਐਰ ਵੈਰ ਮਿਲਦਿਆਂ' 1986, 'ਲੰਘ ਗਏ ਦਰਿਆ' 1990, 'ਕਥਾ ਕੁਕਨਸ ਦੀ' 1990, ਅਤੇ 'ਕਥਾ ਕਰੋ ਉਸਵਸ਼ੀ' 1999, 'ਸਰਕੰਡੇ ਦਾ ਦੇਸ਼', 'ਧੁੱਪ ਛਾਂ ਤੇ ਰੁੱਖ', 'ਲੰਬੀ ਉਡਾਰੀ' ਤੇ ਤਤਕਾਲੀਨ ਨਾਵਲ 'ਪੀਲੇ ਪੱਤਿਆਂ ਦੀ ਦਾਸਤਾਂ' 'ਤੇ ਉਸਦੇ ਕੁਝ ਹੋਰ ਪ੍ਰਸਿੱਧ ਨਾਵਲ ਹਨ। ਇਸ ਤੋਂ ਇਲਾਵਾ ਕਈ ਕਹਾਣੀ ਸੰਗ੍ਰਹਿ, ਆਤਮ ਕਥਾਵਾਂ, ਲੇਖ, ਅੰਗਰੇਜ਼ੀ ਅਨੁਵਾਦ ਆਦਿ ਲਿਖੇ। ਉਹਨਾਂ ਦੇ ਕਈ ਕਹਾਣੀ ਸੰਗ੍ਰਹਿ ਅੰਗਰੇਜ਼ੀ, ਹਿੰਦੀ ਤੇ ਉਰਦੂ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕੇ ਹਨ ਤੇ ਉਨ੍ਹਾਂ ਦੀਆਂ ਕਈ ਰਚਨਾਵਾਂ ਅਖ਼ਬਾਰਾਂ ਤੇ ਰਸਾਲਿਆਂ 'ਚ ਛਪ ਚੁੱਕੀਆਂ ਹਨ। ਪਾਕਿਸਤਾਨ ਦੇ ਸ਼ਹਿਰ ਲਾਹੌਰ 'ਚ ਉਹਨਾਂ ਦੀਆਂ ਕੁਝ ਕਿਤਾਬਾਂ ਫਾਰਸੀ ਭਾਸ਼ਾ ਵਿਚ ਵੀ ਛਪਵਾਈਆਂ ਗਈਆਂ ਹਨ। ਉਹਨਾਂ ਦੇ ਨਾਵਲਾਂ ਦੀ ਗਿਣਤੀ 42 ਦੇ ਕਰੀਬ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਰੇਖਾ ਚਿੱਤਰਾਂ ਦੇ ਸੰਗ੍ਰਹਿ ਸਣੇ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਈਆਂ ਹਨ। ਉਹਨਾਂ ਦੀਆਂ ਰਚਨਾਵਾਂ ਦੀ ਸੂਚੀ ਨਿਮਨ-ਲਿਖਤ ਅਨੁਸਾਰ ਹੈ

ਨਾਵਲ: ਅਗਨੀ ਪ੍ਰੀਖਿਆ, ਏਹੋ ਹਮਾਰਾ ਜੀਵਣਾ, ਵਾਟ ਹਮਾਰੀ, ਤੇਲੀ ਦਾ ਨਿਸ਼ਾਨ, ਸੂਰਜ ਤੇ ਸਮੁੰਦਰ, ਦੂਸਰੀ ਸੀਤਾ, ਅੰਦਰ ਬਿਨਾ, ਸਰਕੰਦਨ ਦੇ ਦੇਸ਼, ਧੁੱਪ, ਛਾਂ ਤੇ ਰੁੱਖ, ਸਭ ਦੇਸ ਪਰਾਇਆ, ਹੇ ਰਾਮ, ਲੰਬੀ ਉਡਾਰੀ, ਪੀਲੇ ਪੱਤਿਆਂ ਦੀ ਦਾਸਤਾਨ, ਹਸਤਾਖਰ, ਪੇਅਰਚੈਲ, ਰਿਨ ਪਿਟ੍ਰੇਨ ਡਾ., ਏਅਰ ਵੈਰ ਮਿਲਦਾਯਾਨ, ਲੰਘ ਗੇ ਦਰਿਆ, ਜਿਮੀਂ ਪੂਛੈ ਅਸਮਾਨ, ਕਥਾ ਕੁੱਕਨਸ ਦੀ, ਦੂਨੀ ਸਹਾਵਾ ਬਾਗ, ਕਥਾ ਕਹੋ ਉਰਵਸੀ, ਭੌਜਲ, ਉਹ ਤਾਂ ਪਰੀ ਸੀ। ਮੋਹ ਮਾਇਆ, ਜਨਮ ਹਰਿ ਹਰਿਆ, ਖਡਾ ਪੁਕਾਰੇ ਪਤਾਨੀ, ਪੌਣਾਂ ਦੀ ਜਿੰਦ ਮੇਰੀ, ਖਿਤਿਜ ਟੌਨ ਪਾਰ, ਤੀਨ ਲੋਕ ਸੇ ਨਿਆਰੀ, ਤੁਮਰੀ ਕਥਾ ਕਹੀ ਨ ਜਾਏ, ਵੀਚਾਰੇ ਸਭੋ ਵੈਰੀ ਵੈਰੀ, ਤਖਤ ਹਜ਼ਾਰਾ ਦਰਵਾਜ਼ੇ ਕੁੜੇ।

ਕਹਾਣੀ ਸੰਗ੍ਰਹਿ: ਸਾਧਨਾ, ਯਾਤਰਾ, ਕਿਸ ਦੀ ਧੀ, ਇਕ ਕੁੜੀ, ਤੇਰਾ ਮੇਰਾ ਕਮਰਾ ਅਤੇ ਮਾਲਣ ਹਨ।

ਆਤਮਕਥਾ: ਨੰਗੇ ਪੈਰਾਂ ਦਾ ਸਫਰ, ਪੂਛਤੇ ਹੋ ਸੁਨੋ, ਤੁਰਦਾਯਾਨ ਤੁਲਦਯਾਨ।

ਲੇਖ: ਤੇਰਾ ਮੇਰਾ ਸਰੋਕਾਰ, ਜਿਊਣ ਜੋਗਾ।

ਅੰਗਰੇਜ਼ੀ ਅਨੁਵਾਦ: ਇਹੋ ਉਸ ਦੀ ਕਿਸਮਤ ਹੈ (ਪੰਜਾਬੀ ਯੂਨੀਵਰਸਿਟੀ), ਨੰਗੇ ਪੈਰਾਂ ਦੀ ਯਾਤਰਾ, (ਓਰੀਐਂਟ ਲੌਂਗ ਮੈਨ), ਟਵਾਇਲਾਈਟ+ ਨੱਕਪਾਈਨ ਦਾ ਨਿਸ਼ਾਨ (ਐਨ. ਬੀ. ਟੀ., ਦਿੱਲੀ), ਚਲੇ ਗਏ ਨਦੀਆਂ (ਮੈਕਮਿਲਨ), ਫੀਨਿਕਸ ਦੀ ਕਹਾਣੀ (ਯੂਨੀਸਟਰ ਚੰਡੀਗੜ੍ਹ), ਮੈਂ ਕੌਣ ਹਾਂ (ਹੀਰਾ ਪਾਕਿਟ ਬੁਕਸ, ਦਿੱਲੀ), ਕਹਾਣੀ ਉਰਵਰਸ਼ੀ (ਓਰੀਐਂਟ ਬਲੈਕਸਵਾਨ) ਨੂੰ ਦੱਸੋ।

ਮੈਂ ਕੌਣ ਹਾਂ? (ਟਰਾਂਸਲੇਟ ਡਾ. ਰਾਜਿੰਦਰ ਸਿੰਘ), ਮੈਂ ਕੌਣ ਹਾਂ, ਇਕ ਜਵਾਨ ਅਤੇ ਪੜ੍ਹੇ-ਲਿਖੇ ਵਿਆਹੇ ਔਰਤ-ਮਰਦ ਦੀ ਕਹਾਣੀ ਹੈ ਜੋ ਆਪਣੀ ਏਕਾਵਧਾਰੀ ਜ਼ਿੰਦਗੀ ਵਿਚ ਦਮ ਘੁੱਟਦੀ ਮਹਿਸੂਸ ਕਰਦੀ ਹੈ ਅਤੇ ਸਵੈ-ਅਹਿਸਾਸ ਲਈ ਸੰਸਾਰ ਤਿਆਗਣ ਦੀ ਚੋਣ ਕਰਦੀ ਹੈ। ਉਹ ਸਾਧੂਆਂ ਅਤੇ ਸਾਧਵੀਆਂ ਦੇ ਸਮੂਹ ਦੇ ਬਾਅਦ ਹਰਦਵਾਰ ਨੂੰ ਜਾਂਦਾ ਹੈ, ਪਰ ਉਥੋਂ ਹੀ ਉਹ ਸਚਾਈ ਦੀ ਭਾਲ ਵਿਚ ਇਕੱਲੇ ਚਲਦਾ ਹੈ।

ਟਿਵਾਣਾ ਦੇ ਨਾਵਲਾਂ ਅਤੇ ਛੋਟੀਆਂ ਕਹਾਣੀਆਂ ਦੇ ਪਾਤਰ ਦੱਬੇ-ਕੁਚਲੇ ਅਤੇ ਭੋਲੇ-ਭਾਲੇ ਪੇਂਡੂ ਲੋਕ ਹਨ ਜੋ ਦਮਦਾਰ ਇੱਛਾਵਾਂ ਅਤੇ ਜਨੂੰਨ ਨਾਲ ਭਰੇ ਹੋਏ ਹਨ। ਦੁਖਦਾਈ ਅਤੇ ਵਿਅੰਗਜ਼ੀ ਉਸ ਦੀ ਕਲਪਨਾ ਦੇ ਮੁੱਖ ਤੱਤ ਨੂੰ ਚਿੰਨਿਤ ਕਰਦੀ ਹੈ। ਮਾਦਾ ਮਾਨਸਿਕਤਾ ਦੀ ਗੁੰਝਲਦਾਰ ਅੰਦਰੂਨੀ ਦਵੰਦਤਾ ਟਿਵਾਣਾ ਦਾ ਮੁੱਖ ਵਿਸ਼ਾ ਹੈ। ਉਸ ਦੀਆਂ ਕਹਾਣੀਆਂ ਮਰਦ-ਔਰਤ ਸਬੰਧਾਂ ਦੇ ਪ੍ਰਸੰਗ ਵਿਚ ਔਰਤ ਦੇ ਦੁੱਖ-ਸੁੱਖ ਦੀ ਬਾਤ ਪਾਉਂਦੀਆਂ ਹਨ।



ਪ੍ਰੋ: ਐਚ.ਐਲ.ਕਪੂਰ

14 ਅਕਤੂਬਰ 2015 ਨੂੰ ਡਾ. ਟਿਵਾਣਾ ਨੇ ਦੇਸ਼ ਵਿਚ ਵੱਧ ਰਹੀ ਅਸਹਿਣਸ਼ੀਲਤਾ ਦੇ ਵਿਰੁੱਧ 'ਪਦਮਸ਼੍ਰੀ ਪੁਰਸਕਾਰ' ਵਾਪਸ ਕਰ ਦਿੱਤਾ। ਉਸ ਨੂੰ ਇਹ ਪੁਰਸਕਾਰ 2004 ਵਿਚ ਸਾਹਿਤ ਅਤੇ ਸਿੱਖਿਆ ਵਿਚ ਪਾਏ ਯੋਗਦਾਨ ਲਈ ਮਿਲਿਆ ਸੀ।

ਡਾ. ਦਲੀਪ ਕੌਰ ਟਿਵਾਣਾ ਨੂੰ ਪੰਜਾਬੀ ਸਾਹਿਤ 'ਤੇ ਕੰਮ ਕਰਨ ਬਦਲੇ ਉਕਤ ਦੱਸੇ ਗਏ ਸਨਮਾਨਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਸਾਹਿਤਕ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ ਤੇ ਇਸ ਤੋਂ ਇਲਾਵਾ ਉਹਨਾਂ ਨੂੰ ਅਕਾਦਮਿਕ 'ਯੂ. ਜੀ. ਸੀ. ਨੈਸ਼ਨਲ ਲੈਕਚਰਾਰਸ਼ਿਪ' ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

ਮੈਂ ਡਾ. ਦਲੀਪ ਕੌਰ ਟਿਵਾਣਾ ਜੀ ਦਾ ਬਹੁਤ ਸਤਿਕਾਰ ਕਰਦਾ ਸਾਂ ਤੇ ਹਮੇਸ਼ਾ ਕਰਦਾ ਰਹਾਂਗਾ ਕਿਉਂਕਿ ਮੈਂ ਜਦੋਂ ਐਮ. ਏ. 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੜ੍ਹਦਾ ਸਾਂ ਤਾਂ ਉਹ ਸਾਡੇ ਅਧਿਆਪਕ ਸਨ ਤੇ ਸਾਨੂੰ ਗੁਰਬਾਣੀ 'ਚ 'ਸਪੈਸ਼ਲ ਸਟੱਡੀ' ਦਾ ਵਿਸ਼ਾ ਪੜ੍ਹਾਉਂਦੇ ਸਨ। ਉਹਨਾਂ ਦੀ ਗੁਰਬਾਣੀ ਦੇ ਵਿਸ਼ੇ 'ਤੇ ਬੜੀ ਮਜ਼ਬੂਤ ਪਕੜ ਸੀ ਤੇ ਉਹ ਪੜ੍ਹਾਉਣ ਸਮੇਂ ਏਨੀ ਤਿਆਰੀ ਕਰਕੇ ਆਉਂਦੇ ਸਨ ਕਿ ਉਹ ਕਈ-ਕਈ ਘੰਟਾ ਲੈਕਚਰ ਦੇ ਸਕਦੇ ਸਨ।

ਉਹ ਉੱਚ ਕੋਟੀ ਦੇ ਵਿਦਵਾਨ ਪ੍ਰੋਫੈਸਰ ਸਨ। ਉਹਨਾਂ ਨਾਲ ਪੜ੍ਹਾਈ ਸਮੇਂ ਦੀਆਂ ਕਈ ਯਾਦਾਂ ਜੁੜੀਆਂ ਹੋਈਆਂ ਸਨ। ਮੇਰੇ ਲਈ ਉਹਨਾਂ ਨੇ ਮੈਨੂੰ ਇਕ ਖਾਸ ਛੋਟ ਦਿੱਤੀ ਹੋਈ ਸੀ ਕਿ ਜਦੋਂ ਪੀਰੜ ਖਤਮ ਹੋਣ ਤੋਂ ਬਾਅਦ ਕਿਸੇ ਵਿਸ਼ੇ 'ਤੇ ਕੋਈ ਵਿਚਾਰ-ਚਰਚਾ ਕਰਨੀ ਹੋਵੇ ਜਾਂ ਕੋਈ ਗੱਲ ਸਮਝਣੀ ਹੋਵੇ ਤਾਂ ਤੁਸੀਂ ਮੇਰੇ ਦਫਤਰ ਬਿਨਾਂ ਕਿਸੇ ਝਿਜਕ ਆ ਜਾਇਆ ਕਰੋ।

ਮੈਂ ਤੇ ਮੇਰੇ ਕੁਝ ਸਾਥੀ ਉਹਨਾਂ ਦੇ ਦਫਤਰ 'ਚ ਜਾ ਕੇ ਉਹਨਾਂ ਨਾਲ ਖੁੱਲ੍ਹਾ ਵਿਚਾਰ ਵਟਾਂਦਰਾ ਕਰਦੇ ਸਾਂ। ਐਮ. ਏ. ਪਾਸ ਕਰਨ ਤੋਂ ਬਾਅਦ ਵੀ ਮੈਂ ਜਦੋਂ ਵੀ ਕਦੇ ਪਟਿਆਲੇ ਜਾਂਦਾ ਸਾਂ ਤਾਂ ਜ਼ਰੂਰ ਉਹਨਾਂ ਨੂੰ ਯੂਨੀਵਰਸਿਟੀ ਮਿਲ ਕੇ ਆਉਂਦਾ ਸਾਂ। ਬੱਸ ਹੁਣ ਤਾਂ ਉਹ ਯਾਦਾਂ ਹੀ ਪੱਲੇ ਰਹਿ ਗਈਆਂ ਹਨ ਤੇ ਉਹ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਕੇ ਤੇ ਆਪਣੇ ਪਾਏ ਹੋਏ ਪੂਰਨੇ ਪਿੱਛੇ ਛੱਡ ਕੇ, ਇਸ ਸੰਸਾਰ ਤੋਂ ਚਲੇ ਗਏ ਹਨ। ਪ੍ਰਮਾਤਮਾ ਉਹਨਾਂ ਦੀ ਰੂਹ ਨੂੰ ਸ਼ਾਂਤੀ ਦੇਵੇ, ਆਪਣੇ ਚਰਨਾਂ 'ਚ ਨਿਵਾਸ਼ ਬਖਸ਼ੇ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਡਾ. ਟਿਵਾਣਾ ਆਪਣੇ ਪਿੱਛੇ ਆਪਣੀਆਂ ਪਾਈਆਂ ਸਾਹਿਤਕ ਪੈੜਾਂ ਛੱਡ ਕੇ ਸਦਾ ਲਈ ਅਮਰ ਹੋ ਗਏ ਹਨ। ਮੇਰੀ ਸੱਚੇ ਦਿਲੋਂ ਉਹਨਾਂ ਨੂੰ ਇਹ ਸ਼ਰਧਾਂਜਲੀ ਹੈ।

## ਡਾ.ਦਲੀਪ ਕੌਰ ਟਿਵਾਣਾ (1935-2020)

ਦਲੀਪ ਕੌਰ ਟਿਵਾਣਾ ਦੇ ਵਿਛੋੜੇ ਦੀ ਗੱਲ ਹੁੰਦੀ ਰਹੇਗੀ।
ਉਸ ਦੀਆਂ ਯਾਦਾਂ ਦੀ ਪੀਂਘ, ਦਿਲਾਂ 'ਤੇ ਪੈਂਦੀ ਰਹੇਗੀ।

ਚੰਗੇ ਭਾਗ ਮੇਰੇ, ਉਸ ਨੂੰ ਮਿਲਣ ਦਾ, ਦੋ-ਤਿੰਨ ਵਾਰ ਮੌਕਾ ਮਿਲਿਆ,
ਉਸ ਦੀ ਕੋਮਲ ਆਵਾਜ਼ ਤੇ ਸਿਆਣਪ, ਅੰਗ ਸੰਗ ਰਹਿੰਦੀ ਰਹੇਗੀ।

ਉਹ ਇਸ ਯੁੱਗ ਦੀ ਮਹਾ ਸਾਹਿਤਕਾਰਾ ਤੇ ਕਹਾਣੀਕਾਰਾ ਹੋਈ,
ਪਟਿਆਲੇ ਸਮੇਤ, ਪੇਕੇ ਤੇ ਸਹੁਰੇ, ਸਿਫਤਾਂ ਦੀ ਛੱਲ ਉੱਠਦੀ ਰਹੇਗੀ।

1935 'ਚ ਆਪਣੇ ਮਾਂ-ਪਿਓ ਦੇ ਘਰ 'ਚ, ਚਮਕੀ ਸੀ ਕਿਰਨ ਉਹ,
ਰੱਬ ਦੀ ਰਜ਼ਾ ਮੁਤਾਬਕ, ਮੁਕਤੀ ਦੇ ਪੱਲੇ 'ਚ ਲੁਕਦੀ ਰਹੇਗੀ।

ਇਕ ਪਾਸੇ ਧੀ ਪੰਜਾਬ ਦੀ, ਹੋਣ ਦਾ ਮਾਣ ਮਿਲਿਆ ਉਸਨੂੰ,
ਦੂਏ ਪਾਸੇ ਨਿਮਰਤਾ ਉਸਦੀ, ਉਨੂੰ ਮਾਣਮੱਤੀ ਬਣਾਉਂਦੀ ਰਹੇਗੀ।

ਉਸਦਾ ਚਲਾਣਾ ਸੁਣ ਕੇ, ਕਮਲ ਫੁੱਲ ਮੁਰਝਾ ਗਿਆ 'ਕਮਲ'
ਮੇਰੇ ਨਾਲ ਮੇਰੀ ਕਲਮ ਵੀ, ਉਸਨੂੰ ਸਲਾਹੁੰਦੀ ਰਹੇਗੀ।

ਬੇਸ਼ੱਕ ਦੁਨੀਆਂ 'ਤੇ ਆ ਕੇ, ਮੁੜ ਜਾਣਾ ਹੈ ਹਰਿਕ ਨੇ ਪਰ,
ਉਹ ਲਿਖਤਾਂ ਦੇ ਜ਼ਰੀਹੇ, ਪਾਠਕਾਂ ਨਾਲ ਤੰਦ ਪਾਉਂਦੀ ਰਹੇਗੀ।

ਏਡੀ ਵੱਡੀ ਵਿਦਿਵਾਨ ਨੇ, ਲਿਖਤਾਂ ਦਾ ਜਾਲ ਹੀ ਵਿਛਾ ਦਿੱਤਾ,
ਇਸ ਕਰਕੇ ਦੇਸ਼-ਵਿਦੇਸ਼, ਗੱਲ ਉਸਦੀ ਤੁਰਦੀ-ਤੁਰਾਉਂਦੀ ਰਹੇਗੀ।

ਉਂਝ ਵੀ ਉਸ ਦੀਆਂ ਯਾਦਾਂ ਦਾ, ਚਰਾਗ ਜਗਦਾ ਰਹੇਗਾ,
ਰੂਹ ਉਸਦੀ, ਪੰਜਾਬ, ਪੰਜਾਬੀ ਤੇ ਲੇਖਕਾਂ ਦਾ, ਸ਼ੁਕਰ ਮਨਾਉਂਦੀ ਰਹੇਗੀ।



**- ਕਮਲ ਬੰਗਾ**
**ਸੈਕਰਾਮੈਂਟੋ**
916-897-8570

## ਪੀੜ ਦਾ ਬੂਟਾ

ਪੀੜ ਦਾ ਬੂਟਾ ਇਹ ਜਿੰਦਗੀ ਹੋਈ,
ਕੋਈ ਰਹੀ ਨਾਂ ਆਸਾਂ ਦੀ ਬੇਤਾਬੀ।
ਨਾਂ ਇਹ ਬੂਟਾ ਹੁਣ ਟਹਿਕਾਂ ਮਾਰੇ,
ਨਾਂ ਹੀ ਕੋਈ ਖਿੜਦਾ ਫੂਲ ਗੁਲਾਬੀ।

ਨਾਂ ਰਹੀਂ ਏਹਦੀ ਮਹਿਕ ਪਿਆਰੀ,
ਨਾਂ ਹੀ ਬੈਠਦਾ ਕੋਈ ਮਾਰ ਉਡਾਰੀ।
ਡਿਗਦੇ-ਢਹਿੰਦੇ ਹੀ ਉਮਰ ਗੁਜ਼ਾਰੀ,
ਹੈ ਤਨ ਪਿਆ ਢੋਂਹਦਾ ਟੌਰ ਨਵਾਬੀ।

ਬੀਤਿ ਗਿਆ ਯੁਗ ਸਧਾਰਨ ਵਾਲਾ,
ਤਨ ਖੱਦਰ ਕੁੜਤਾ ਪਾਵਨ ਵਾਲਾ।
ਨਾ ਰਿਹਾ ਕੋਈ ਸਮਝਾਵਨ ਵਾਲਾ,
ਮੁੰਡੇ, ਬੁੱਢੇ ਪੀਅ- ਪੀਅ ਕਰਨ ਖ਼ਰਾਬੀ।

ਕਦਰਾਂ ਕੀਮਤਾਂ ਭੁੱਲ ਗਏ ਨੇ ਸਾਰੇ,
ਰਿਸ਼ਤੇ ਨਾਤੇ ਸਭ ਦਿਲੋਂ ਵਿਸਾਰੇ।
ਪਏ ਚੌਧਰ ਲਈ ਹਰ ਥਾਂ ਪੁਆੜੇ,
ਰਿਸ਼ਵਤਖੋਰੀ ਹੋ ਗਈ ਬੇਹਿਸਾਬੀ।

ਲੋਭ,ਲਾਲਚ ਕੀਤਾ ਬੈਚੈਨ ਹਰ ਕੋਈ,
ਲੜਦੇ ਭਿੜਦੇ ਭੈਣ, ਭਰਾ, ਨਨਦੋਈ।
ਨਾ ਰਹੀ ਸ਼ਰਮ ਤੇ ਲਾਹ ਲਈ ਲੋਈ,
ਹੁਣ ਤਾਂ ਹੋ ਗਈ ਇਹ ਫ਼ਿਜ਼ਾ ਜਵਾਬੀ।

ਛੱਡ ਕੇ ਸਾਂਝਾਂ ਹੋ ਗਏ ਇੱਕਲੇ-ਕਾਰੇ,
ਜਿਵੇਂ ਉਧੜ-ਪੁਦੜੇ ਨਾਲ਼ ਥਾਨੋ ਪਾੜੇ।
ਨਿੱਕੀ-ਨਿੱਕੀ ਗੱਲ ਤੇ ਹੋ ਜਾਣ ਵੱਖਿਆਰੇ,
ਲੜਦੇਂ ਭੜਦੇ ਹੁਣ ਬਹੁਤ ਸ਼ਤਾਬੀ।

ਉਪਰੋਂ ਖਿਲਿਓ ਇਹ ਲੱਗਣ ਹੀ ਸਾਰੇ,
ਪਰ ਕੁਝ ਅੰਦਰੋਂ ਕੋਕੜੂ ਸੇਕ ਨੇ ਮਾਰੇ।
ਕੀਤੇ ਮੂੰਹ ਜ਼ੋਰਾਂ ਕੰਮ ਅਜਬ ਨਿਆਰੇ,
ਬਹਿਰੇ ਬਣ-ਬਣ ਲੋਕੀ ਹੋਏ ਖ਼ੁਆਬੀ।

ਖੋਖਲਾ ਹੋਇਆ ਇਹ ਜੀਵਨ ਸਾਰਾ,
ਲੱਭਣਾ ਹੀ ਪੈਣਾ ਬੈਠ ਕੋਈ ਤੇ ਚਾਰਾ।
ਗੱਠ ਤੁੰਨ ਟੁੱਟਿਆ ਫਿਰ ਭਾਈਚਾਰਾ,
ਕਿਤੇ ਨਾ ਹੋ ਜਾਵੇ ਤੇਰੀ ਰੂਹ ਤੇਜ਼ਾਬੀ।

ਪੀੜ ਦਾ ਬੂਟਾ ਇਹ ਜਿੰਦਗੀ ਹੋਈ,
ਕੋਈ ਰਹੀ ਨਾਂ ਆਸਾਂ ਦੀ ਬੇਤਾਬੀ।
ਨਾਂ ਇਹ ਬੂਟਾ ਹੁਣ ਟਹਿਕਾਂ ਮਾਰੇ,
ਨਾਂ ਹੀ ਕੋਈ ਖਿੜਦਾ ਫੂਲ ਗੁਲਾਬੀ।




**- ਰਬਿੰਦਰ ਸ਼ਰਮਾ**

# ਅੰਗਰੇਜ਼ੀ ਵਿਸ਼ੇ ਦਾ 'ਪ੍ਰੈਕਟੀਕਲ' ਸ਼ੁਰੂ ਕਰਨਾ ਸ਼ਲਾਘਾਯੋਗ ਕਦਮ

ਵਰਤਮਾਨ ਸਮੇਂ ਰੁਜ਼ਗਾਰ ਪ੍ਰਾਪਤੀ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀ ਅੰਗਰੇਜ਼ੀ ਭਾਸ਼ਾ ਨੂੰ ਨਜ਼ਰ ਅੰਦਾਜ ਕਰਨਾ ਸੰਭਵ ਨਹੀਂ ਹੈ।ਇਸ ਭਾਸ਼ਾ ਵਿੱਚ ਨਿਪੁੰਨਤਾ ਨਾ ਹੋਣ ਕਾਰਨ ਕਈ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਂਦੇ ਹਨ।ਕਾਫ਼ੀ ਹੁਸ਼ਿਆਰ ਵਿਦਿਆਰਥੀ ਨਾਨ ਮੈਡੀਕਲ, ਮੈਡੀਕਲ ਅਤੇ ਕਾਮਰਸ ਆਦਿ ਔਖੇ ਵਿਸ਼ਿਆ ਵਿੱਚ ਦਾਖਲਾ ਨਹੀਂ ਲੈਂਦੇ।ਸੋਂ ਇਹ ਵਿਚਾਰਯੋਗ ਮਸਲਾ ਹੈ ਕਿ ਕਿਸ ਤਰਾਂ ਬੱਚਿਆਂ ਅੰਦਰੋਂ ਅੰਗਰੇਜ਼ੀ ਭਾਸ਼ਾ ਦੇ ਖੌਫ ਨੂੰ ਕੱਢਿਆ ਜਾਵੇ।ਉਂਝ ਇਸ ਵਿਸ਼ੇ ਵਿੱਚ ਵਿਦਿਆਰਥੀਆਂ ਦੇ ਕਮਜ਼ੋਰ ਹੋਣ ਦੇ ਕਈ ਕਾਰਨ ਹੋ ਸਕਦੇ ਹਨ।ਪਰ ਪੜ੍ਹਾਉਣ ਲਈ ਸਹੀ ਵਿਧੀ ਦਾ ਪ੍ਰਯੋਗ ਨਾਂ ਕੀਤਾ ਜਾਣਾ ਵੀ ਪ੍ਰਮੁੱਖ ਸਮੱਸਿਆ ਹੈ।ਅਸੀਂ ਭਲੀਂ ਭਾਂਤ ਜਾਣੂ ਹਾਂ ਕਿ ਕਿਸੇ ਭਾਸ਼ਾ ਨੂੰ ਸਿੱਖਣ ਲਈ ਚਾਰ ਮੁੱਖ ਪੜਾਅ ਹੁੰਦੇ ਹਨ।ਜਿਹਨਾਂ ਵਿੱਚ ਕ੍ਰਮਵਾਰ ਸੁਣਨਾ, ਬੋਲਣਾ, ਪੜ੍ਹਨਾ ਅਤੇ ਲਿਖਣਾ ਆਦਿ ਸਾਂਮਲ ਹੈ।ਪਰ ਮਲਾਲ ਦੀ ਗੱਲ ਹੈ ਕਿ ਅੰਗਰੇਜ਼ੀ ਸਿਖਾਉਂਣ ਵੇਲੇ ਸਹੀ ਕ੍ਰਮ ਵਿੱਚ ਨਾਂ ਅਪਣਾਉਣ ਦਾ ਖਾਮਿਆਜ਼ਾ ਵਿਦਿਆਰਥੀਆਂ ਨੂੰ ਭੁਗਤਣਾ ਪੈ ਰਿਹਾ ਹੈ।ਇਹ ਸਾਡੀ ਮਾਤ ਭਾਸ਼ਾ ਨਾ ਹੋਣ ਕਰਕੇ ਵੀ ਸਿੱਖਣ ਵਿੱਚ ਦਿੱਕਤ ਪੇਸ਼ ਆਉਂਦੀ ਹੈ।

'ਦੇਰ ਆਏ ਦਰੁਸਤ ਆਏ' ਆਖਿਰਕਾਰ ਸਿੱਖਿਆ ਵਿਭਾਗ ਨੇ "ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ" ਪ੍ਰੋਜੈਕਟ ਤਹਿਤ ਅੰਗਰੇਜ਼ੀ ਭਾਸ਼ਾ ਨੂੰ ਸਰਲ ਬਣਾਉਂਣ ਖਾਂਤਰ ਇਸ ਵਿਸ਼ੇ ਦੇ ਪ੍ਰੈਕਟੀਕਲ ਲੈਣ ਬਾਰੇ ਕ੍ਰਾਂਤੀਕਾਰੀ ਫੈਸਲਾ ਲਿਆ ਹੈ।ਇਸ ਮੰਤਵ ਲਈ ਸ਼ੈਸ਼ਨ ਦੇ ਆਰੰਭ ਵਿੱਚ ਹੀ ਮਹਿਕਮੇ ਨੇ ਵਿਦਿਆਰਥੀਆਂ ਨੂੰ ਸਿਲੇਬਸ ਦੇ ਅਧਾਰ ਤੇ ਮੁਫ਼ਤ ਵਿੱਚ 'ਪ੍ਰੈਕਟਿਸ ਸੀ ਦੇ ਕੇ (ਭਾਸ਼ਾ ਦੀਆਂ ਚਾਰ ਮੁਹਾਰਤਾਂ) ਸੁਣਨਾ,




ਬੋਲਣਾ, ਪੜਨਾ ਅਤੇ ਲਿਖਣਾ ਲਈ ਉਤਸ਼ਾਹਿਤ ਕੀਤਾ ਹੈ।ਸੁਣਨ ਦੇ ਵਿਕਾਸ ਲਈ ਆਡਿਓ ਕਲਿੱਪ ਮਹੁੱਈਆ ਕਰਵਾਏ ਜਿਸ ਰਾਹੀਂ ਬੱਚਿਆਂ ਨੇ ਆਪਣਾ ਨਿਰੀਖਣ ਕੀਤਾ। "ਪ੍ਰੈਕਟਿਸ ਸ਼ੀਟ" ਵਿੱਚ ਬੋਲਣ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਪ੍ਰਸ਼ਨ, ਪੜ੍ਹਨ ਦੀ ਕੁਸ਼ਲਤਾ ਦੇ ਲਈ ਪੈਰ੍ਹਾ ਜਦਕਿ ਲਿਖਣ ਦੇ ਲਈ ਵਿਸ਼ੇ ਪ੍ਰਦਾਨ ਕੀਤੇ ਹਨ ਜਿਸ ਨਾਲ ਅੰਗਰੇਜੀ ਭਾਸ਼ਾ ਦਾ ਡਰ ਖਤਮ ਕਰਨ ਦੀ ਪਹਿਲ ਕਾਰਗਰ ਸਿੱਧ ਹੋ ਰਹੀ ਹੈ।ਬੱਚਿਆਂ ਅਤੇ ਅਧਿਆਪਕਾਂ ਨੇ ਅੰਗਰੇਜ਼ੀ ਦੇ ਪ੍ਰੈਕਟੀਕਲ ਦੀ ਪ੍ਰਸੰ ਕੀਤੀ ਹੈ।ਪ੍ਰੈਕਟੀਕਲ ਦੇ ਕੁੱਲ ਨਿਰਧਾਰਿਤ 10 ਅੰਕਾਂ ਵਿੱਚੋਂ 6 ਅੰਕ ਲਿਸਨਿੰਗ ਅਤੇ 4 ਅੰਕ ਬੋਲਣ ਦੇ ਰੱਖੇ ਗਏ ਹਨ।

ਵਿਦਿਆਰਥੀਆਂ ਦੇ ਅੰਗਰੇਜ਼ੀ ਵਿਸ਼ੇ ਵਿੱਚ ਪਛੜਨ ਦਾ ਵੱਡਾ ਕਾਰਨ 'ਸੁਣਨ' ਦੇ ਅਭਿਆਸ ਦੀ ਕਮੀ ਸੀ ਜੋ ਕਿ ਹੁਣ ਦੂਰ ਹੋ ਰਹੀ ਹੈ। ਨਿਰੰਤਰ ਅਭਿਆਸ ਦੇ ਜਰਿਐ ਸ਼ਬਦ ਭੰਡਾਰ ਵਿੱਚ ਇਜ਼ਾਫਾ ਹੋਣ ਨਾਲ ਬੱਚਿਆਂ ਦੁਆਰਾ ਅੰਗਰੇਜ਼ੀ ਬੋਲਣ ਦੀ ਸ਼ੁਰੂਆਤ ਹੋਈ ਹੈ ਜੋ ਕਿ ਚੰਗੇ ਸੰਕੇਤ ਹਨ। ਅਸੀਂ ਜਾਣਦੇ ਹਾਂ ਕਿ ਵਿਦੇਸ਼ ਜਾਣ ਦੇ ਇਛੁੱਕ ਨੌਜਵਾਨਾਂ ਨੂੰ ''ਇੰਟਰਨੈਸ਼ਨਲ ਇੰਗਲਿਸ ਲੈਂਗੂਏਜ਼ ਟੈਸਟਿੰਗ ਸਿਸਟਮ" ਟੈੱਸਟ ਕਲੀਅਰ ਕਰਨਾ ਪੈਂਦਾ ਹੈ ਜਿਸ ਲਈ ਲਿਸਨਿੰਗ ਸਕਿੱਲ ਦੀ ਅਹਿਮ ਭੂਮਿਕਾ ਹੁੰਦੀ ਹੈ। ਸੋ ਸਿੱਖਿਆ ਵਿਭਾਗ ਵੱਲੋਂ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ ਲੈਣ ਦਾ ਉਪਰਾਲਾ ਦੂਰ ਅੰਦੇਸ਼ੀ ਜਾਪਦਾ ਹੈ।ਉਮੀਦ ਕੀਤੀ ਜਾ ਸਕਦੀ ਹੈ ਕਿ ਸਰਕਾਰ ਦੇ ਇਹੋ ਜਿਹੇ ਸਾਕਾਰਤਮਕ ਕਦਮ ਵਿਦਿਆਰਥੀਆਂ ਨੂੰ ਆਪਣਾ ਉਜਵਲ ਭਵਿੱਖ ਬਣਾਉਂਣ ਵਿੱਚ ਜ਼ਰੂਰ ਮਦਦਗਾਰ ਸਿੱਧ ਹੋਣਗੇ।



ਚਮਨਦੀਪ ਸ਼ਰਮਾ
91-95010--33005

# ਸਿੱਖ, ਸਰਦਾਰੀ, ਸਿੱਖੀ ਤੇ ਧਰਮ ਲਈ ਬਲ ਬਖਸੇ ਸਤਿਗੁਰ - ਚਰਨਜੀਤ ਸਿੰਘ

ਯੂ.ਐਸ.ਏ ਰਹਿ ਰਹੇ ਸਿੱਖ ਧਰਮ ਪ੍ਰੇਮੀ ਸਰਦਾਰ ਚਰਨ-ਜੀਤ ਸਿੰਘ ਦਾ ਆਪਣੀ ਕੌਮ ਪੰਥ ਤੇ ਗੁਰੂ ਘਰ ਪ੍ਰਤੀ ਅਥਾਹ ਪਿਆਰ ਸਤਿਕਾਰ ਹੈ ਤੇ ਬਾਣੀ ਨਾਲ ਜੁਛ ਕਿ ਪੰਜਾਬ 'ਚ ਸਿੱਖੀ ਦੇ ਪ੍ਰਚਾਰ ਤੇ ਵਿਦੇਸ਼ 'ਚ ਸਿੱਖੀ ਦੀ ਵਧਦੀ ਮਹੱਤਤਾ ਸਬੰਧੀ ਵਿਚਾਰ ਗੋਸ਼ਟੀਆਂ ਕਰਨ ਵਾਲੇ ਸਿੱਖ ਚਿੱਤਕ ਚਰਨਜੀਤ ਸਿੰਘ ਨੇ ਕਿਹਾ ਕਿ ਸਾਡੇ ਵਧੇਰੇ ਪੰਜਾਬੀ ਰੇਡਿਓ ਤੇ ਟੀ.ਵੀ ਚਮਕ-ਦਮਕ, ਅੰਧ ਵਿਸ਼ਵਾਸ ਤੇ ਨਾਚ-ਮਜਾਰ 'ਚ ਲਿਪਤ ਹਨ ਜਦਕਿ ਸਿੱਖੀ ਦੇ ਪ੍ਰਚਾਰ ਨਾਤੇ ਸਿਰਫ ਵਪਾਰਕ ਹਿੱਤਾਂ ਲਈ ਗੁਰਬਾਣੀ-ਪ੍ਰਸਾਸਣ ਚਰਨਜੀਤ ਸਿੰਘ ਨੇ ਕਿਹਾ ਕਿ ਪੰਜਾਬ 'ਚ ਕਟੀ ਪੀੜੀ ਸਿੱਖੀ ਤੇ ਸਰਦਾਰੀ ਦੀ ਅਸਕ ਮਹੱਤਤਾ ਤੋਂ ਕੋਰੀ ਹੈ ਕਿਉਂਕਿ ਮੀਤੀਆ 'ਹਿੰਦੂਆਂ' ਕਾਰਨ ਖੇਗ ਕਿ ਰਿਹਾ ਹੈ ਤੇ ਸਿੱਖੀ ਦੀ ਪ੍ਰਚਾਰ ਸੰਸਥਾ ਸ੍ਰੋਮਣੀ ਕਮੇਟੀ ਵੀ ਆਪਣਾ ਕੋਈ ਧਾਰਮਿਕ ਰੈ ਨਾਲ ਨਾ



ਚਾਲ ਕਿ 'ਗੋਲਕਾ' ਤ ਕੇਂਦਰਿਤ ਹੈ । ਜਲੰਧਰ ਜਿਲਾ ਦੇ ਲੋਹੀਆ- ਸਾਹਕੋਟ ਕੋਲ ਕਾਕੜਾਂ ਕਲਾ ਪਿੰਡ ਨਾਲ ਸਬੰਧਿਤ ਸਿੱਖ ਚਿੰਤਕ - ਵਿਦਵਾਨ ਚਰਨਜੀਤ ਸਿੰਘ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਗਰੈਜੂਏਸ਼ਨ ਕਰ ਕੇ ਫਿਲਪਾਇਨ ਆਦਿ ਦੇਸਾਂ ਤੋਂ ਬਾਅਦ ਅਮਰੀਕਾ ਪਰਿਵਾਰ ਸਮੇਤ ਆ ਕਿ ਇਨਸਾਨੀਅਤ, ਜਰੂਰਤਮੰਦਾਂ ਦੀ ਸਹਾਇਤਾ, ਧਰਮ-ਪ੍ਰਚਾਰ ਲਈ ਅਹਿਦ ਤੇ ਪਹਿਰਾ ਦਿੱਤਾ ਹੈ।

ਸਿੱਖ ਇਕ ਸ਼ੇਰ ਜਿਗਰਾ ਹੈ, ਸਰਦਾਰੀ ਦੀ ਦਿਖ ਸੰਸਾਰ 'ਚ ਅ ਕਹਿੰਦਾ ਹੈ ਤੇ ਸਿਖੀ-ਖੰਡਿਉ ਤਿੱਖੀ ਹੈ ਤੇ ਧਰਮ ਦੂਜਿਆਂ ਦੀ ਰੱਖਿਆ, ਮਾਨਵਤਾ ਲਈ ਕੇਂਦਰਿਤ ਹੈ ਕਹਿੰਦੇ ਚਰਨਜੀਤ ਸਿੰਘ ਹੋਰਾਂ ਦੀ ਤਾਂਘ ਹੁਣ ਸ੍ਰੀ ਕਰਤਾਪੁਰ ਸਾਹਿਬ, ਨਨਕਾਣਾ ਸਾਹਿਬ, ਪੰਜਾ ਸਾਹਿਬ ਜਾ ਕਿ ਗੁਰੂ ਦਾ ਅਸ਼ੀਰਵਾਦ ਲੈ ਕਿ ਉਮਰ ਭਰ ਸਿੱਖੀ-ਧਰਮ ਤੇ ਸਰਦਾਰੀ ਲਈ ਦ੍ਰਿੜਤਾਂ ਨਾਲ ਪਹਿਰਾ ਦੇਣ ਦੀ ਹੈ।

**- ਅੰਮ੍ਰਿਤ ਪਵਾਰ**

# ਅੱਲੜ ਦਿਲਾਂ ਦੇ ਪਿਆਰ ਦੀ ਕਹਾਣੀ ਨੂੰ ਪਰਦੇ 'ਤੇ ਪੇਸ਼ ਕਰੇਗੀ ਫ਼ਿਲਮ 'ਸੁਫ਼ਨਾ'


14 ਫਰਵਰੀ ਨੂੰ ਅੱਲੜ ਦਿਲਾਂ ਦੀ ਪਿਆਰ ਕਹਾਣੀ ਪੇਸ਼ ਕਰਦੀ ਇਕ ਬਹੁਤ ਹੀ ਖ਼ੂਬਸੂਰਤ ਪੰਜਾਬੀ ਫਿਲਮ 'ਸੁਫ਼ਨਾ' ਰਿਲੀਜ਼ ਹੋਣ ਰਹੀ ਹੈ ਜੋ 'ਕਿਸਮਤ' ਵਰਗੀ ਬਲਾਕਬਾਸਟਰ ਫ਼ਿਲਮ ਦੇ ਲੇਖਕ ਨਿਰਦੇਸ਼ਕ ਜਗਦੀਪ ਸਿੱਧੂ ਵਲੋਂ ਬਣਾਈ ਗਈ ਹੈ। ਜਗਦੀਪ ਸਿੱਧੂ ਅੱਜ ਪੰਜਾਬੀ ਸਿਨੇਮੇ ਦਾ ਨਾਮੀਂ ਲੇਖਕ ਨਿਰਦੇਸ਼ਕ ਹੈ ਜੋ ਦਰਸ਼ਕਾਂ ਦੀ ਨਬਜ਼ 'ਤੇ ਹੱਥ ਰੱਖਦਿਆਂ ਕਦਮ ਦਰ ਕਦਮ ਸੁਪਰ ਹਿੱਟ ਫ਼ਿਲਮਾਂ ਦੀ ਲੜੀ ਚਲਾ ਰਿਹਾ ਹੈ। ਉਸਦੀ ਕਲਾਤਮਿਕ ਸੋਚ ਬਾਰੇ ਸਿਰਫ਼ ਐਨਾ ਹੀ ਕਹਿ ਸਕਦੇ ਹਾਂ ਕਿ ਇਸ ਵੇਲੇ ਪੰਜਾਬੀ ਸਿਨੇਮੇ ਦੀ ਵਾਂਗ ਡੋਰ ਇੱਕ ਸੁਲਝੇ ਹੋਏ ਲੇਖਕ ਨਿਰਦੇਸ਼ਕ ਦੇ ਹੱਥ ਹੈ। ਪਿਛਲੇ ਸਮਿਆਂ 'ਚ ਉਸਦੀਆਂ ਲਿਖੀਆਂ ਤੇ ਡਾਇਰੈਕਟ ਕੀਤੀਆਂ ਫ਼ਿਲਮਾਂ ਮੀਲ ਪੱਥਰ ਸਾਬਤ ਹੋਈਆਂ। ਸੁਫ਼ਨਾ' ਫ਼ਿਲਮ ਉਸਦੇ ਬਚਪਨ ਦਾ ਇਕ ਵੱਡਾ ਸੁਪਨਾ ਹੈ ਜੋ ਫਿਲਮੀ ਪਰਦੇ 'ਤੇ ਹੁਣ ਸੱਚ ਹੋਇਆ ਹੈ। ਇਸ ਫ਼ਿਲਮ ਵਿੱਚ ਉਸਨੇ ਐਮੀ ਵਿਰਕ ਤੇ ਤਾਨੀਆ ਦੀ ਰੁਮਾਂਟਿਕ ਜੋੜੀ ਨੂੰ ਪਰਦੇ 'ਤੇ ਪੇਸ਼ ਕੀਤਾ ਹੈ। ਫਿਲਮ ਦਾ ਗੀਤ ਸੰਗੀਤ ਬਹੁਤ ਹੀ ਦਿਲਚਸਪ ਅਤੇ ਰੂਹ ਨੂੰ ਸਕੂਨ ਦੇਣ ਵਾਲਾ ਹੈ। ਨਿਰਦੇਸਕ ਜਗਦੀਪ ਸਿੱਧੂ ਨੇ ਦੱਸਿਆ ਕਿ 'ਸੁਪਨੇ' ਲੈਣਾ ਹਰੇਕ ਇੰਨਸਾਨ ਦਾ ਹੱਕ ਹੈ। ਸੁਪਨੇ ਜਾਤ ਪਾਤ ਊਚ ਨੀਚ ਤੇ ਧਰਮ ਨਹੀਂ ਵੇਖਦੇ। ਜਿੰਦਗੀ ਸੁਪਨਿਆਂ ਦਾ ਸੰਸਾਰ ਹੈ। ਇਹ ਫਿਲਮ ਵੀ ਜਿੰਦਗੀ ਦੇ ਹੁਸੀਨ ਸੁਫ਼ਨਿਆਂ ਦੀ ਗੱਲ ਕਰਦੀ ਹੈ। ਇਹ ਸੁਪਨੇ ਕਿਵੇਂ ਸੱਚ ਹੁੰਦੇ ਹਨ ਇਹੋ ਇਸ ਫਿਲਮੀ ਕਹਾਣੀ ਦਾ ਸੱਚ ਹੈ ਜੋ 14 ਫਰਵਰੀ ਨੂੰ ਦਰਸ਼ਕ ਆਪਣੇ ਨੇੜਲੇ ਸਿਨੇਮਾ ਘਰਾਂ 'ਚ ਵੇਖਣਗੇ। ਇਸ ਫ਼ਿਲਮ ਵਿੱਚ ਕੰਮ ਕਰਨ ਵਾਲੇ ਸਾਰੇ ਹੀ ਕਲਾਕਾਰਾਂ ਨੇ ਕਮਾਲ ਦੀ ਅਦਾਕਾਰੀ ਕੀਤੀ ਹੈ। ਫ਼ਿਲਮ ਦਾ ਨਾਇਕ ਐਮੀ ਵਿਰਕ ਪੰਜਾਬੀ ਪਰਦੇ ਦਾ ਸਰਗਰਮ ਅਦਾਕਾਰ ਹੈ ਜਦਕਿ ਤਾਨੀਆ ਨੂੰ ਵੀ ਦਰਸ਼ਕ 'ਕਿਸਮਤ, ਗੁੱਡੀਆਂ ਪਟੋਲੇ' ਆਦਿ ਫ਼ਿਲਮਾਂ 'ਚ ਵੇਖ ਚੁੱਕੇ ਹਨ। ਇਹ ਉਸਦੀ ਮੇਹਨਤ ਅਤੇ ਲਗਨ ਹੈ ਕਿ ਉਹ ਇਸ ਫ਼ਿਲਮ 'ਚ ਐਮੀ ਵਿਰਕ ਦੀ ਨਾਇਕਾ ਬਣੀ ਹੈ।ਨਰਮੇ ਦੇ ਫੁੱਟ ਵਰਗੀ, ਅੱਲੜ ਉਮਰ ਦੀ ਖ਼ੂਬਸੂਰਤ ਅਦਾਕਾਰਾ ਤਾਨੀਆ ਜਿੱਥੇ ਰੰਗ ਰੂਪ, ਨਾਜ਼ ਨਖਰਿਆਂ ਦੀ ਪੁਜ ਕੇ ਅਮੀਰ ਹੈ ਉੱਥੇ ਅਦਾਕਾਰੀ ਵਿਚ ਵੀ ਸੋਲਾਂ ਕਲਾਂ ਸੰਪੂਰਨ ਹੈ। ਰੁਮਾਂਟਿਕ ਤੇ ਸੰਗੀਤਕ ਮਨੋਰ-ਜਨ ਦਾ ਸੁਮੇਲ ਇਹ ਫਿਲਮ ਤਾਨੀਆ ਦੀ ਅਦਾਕਾਰੀ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਦਰਸ਼ਕਾਂ ਨੂੰ ਚੇਤੇ ਹੋਵ-ਗਾ ਕਿ ਜਗਦੀਪ ਅਤੇ ਐਮੀ ਵਿਰਕ ਦੀ ਜੋੜੀ ਨੇ ਵਿਆਹ ਕਲਚਰ ਦੇ ਸਿਨਮੇ 'ਚ 'ਕਿਸਮਤ' ਵਰਗੀ ਇੱਕ ਰੁਮਾਂਟਿਕ ਫਿਲਮ ਬਣਾ ਕੇ ਪੰਜਾਬੀ ਦਰਸ਼ਕਾਂ ਦੇ ਟੇਸਟ ਨੂੰ ਬਦਲਿਆ ਸੀ। 'ਕਿਸਮਤ' ਨੂੰ ਮਿਲੀ ਵੱਡੀ ਸਫ਼ਲਤਾ ਨੇ ਹੀ ਦੁਬਾਰਾ ਫਿਰ ਇੱਕ ਪਿਆਰ ਮੁਹੱਬਤਾਂ ਦੀ ਬਾਤ ਪਾਉਂਦੀ ਫਿਲਮ ' ਸੁਫ਼ਨਾ' ਦਾ ਨਿਰਮਾਣ ਕੀਤਾ ਹੈ ਜੋ 14 ਫਰਵਰੀ ਨੂੰ ਵੈਲਏਨਟ-ਾਇਨ ਡੇ 'ਤੇ ਵਿਸ਼ਵ ਭਰ 'ਚ ਰਿਲੀਜ਼ ਹੋਵੇਗੀ। ਸਇਸ ਫ਼ਿਲਮ ਦੇ ਗੀਤ ਦਰਸ਼ਕਾਂ ਵਿਚ ਮਕਬੂਲੀਅਤ ਖੱਟ ਰਹੇ ਹਨ। ਇਸ ਫ਼ਿਲਮ ਦਾ ਗੀਤ 'ਕਬੂਲ ਏ' ਖ਼ੂਬਸੂਰਤ ਲ਼ਫਜਾਂ 'ਚ ਪਰੋਇਆ ਗੀਤ ਹੈ ਜੋ ਪੂਰੀ ਤਰਾਂ ਤਾਨੀਆ ਦੀ ਭਾਵਨਾਤਮਿਕ ਅਦਾਕਾਰੀ ਅਤੇ ਖ਼ੂਬਸੂਰਤ ਨ੍ਰਿਤ ਦੀ ਪੇਸ਼ਕਾਰੀ ਕਰਦਾ ਹੈ।



ਜ਼ਿਕਰਯੋਗ ਹੈ ਕਿ ਪੰਜਾਬੀ ਸਿਨੇਮੇ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਫਿਲਮ ਦਾ ਫਸਟ ਲੁੱਕ ਗੀਤ ਪੂਰੀ ਤਰਾਂ ਨਾਇਕਾ ਪ੍ਰਧਾਨ ਹੋਣ ਦੀ ਪ੍ਰਤੀਨਿਧਤਾ ਕਰਦਾ ਹੋਵੇ। ਪੰਜ ਪਾਣੀ ਫ਼ਿਲਮਜ਼ ਬੈਨਰ ਹੇਠ ਰਾਜਸਥਾਨ ਦੇ ਪੰਜਾਬੀ ਪਿੰਡਾਂ ਵਿਚਲੇ ਕਪਾਹਾਂ ਦੇ ਖੇਤਾਂ ਸਮੇਤ ਖ਼ੂਬਸੂਰਤ ਲੁਕੇਸ਼ਨਾ 'ਤੇ ਫ਼ਿਲਮਾਈ ਇਹ ਫਿਲਮ ਜਗਦੀਪ ਸਿੱਧੂ ਦੀ ਕਲਾਤਮਿਕ ਸ਼ੈਲੀ ਨਾਲ ਲਬਰੇਜ਼ ਪੰਜਾਬੀ ਸਿਨੇ ਦਰਸ਼ਕਾਂ ਲਈ ਇਕ ਹੁਸੀਨ ਤੋਹਫ਼ਾ ਹੋਵੇਗੀ। ਨਿਰਮਾਤਾ ਗੁਰਪ੍ਰੀਤ ਸਿੰਘ ਤੇ ਨਵਨੀਤ ਸਿੰਘ ਵਿਰਕ ਦੀ ਇਸ ਫ਼ਿਲਮ ਵਿੱਚ ਐਮੀ ਵਿਰਕ ਤੇ ਤਾਨੀਆ ਦੀ ਜੋੜੀ ਤੋਂ ਇਲਾਵਾ ਜੈਸਮੀਨ ਬਾਜਵਾ, ਜਗਜੀਤ ਸੰਧੂ ਸੀਮਾ ਕੌਸਲ,ਕਾਕਾ ਕੌਤਕੀ, ਮੋਹਨੀ ਤੂਰ, ਮਿੰਟੂ ਕਾਪਾ, ਲੱਖਾ ਲਹਿਰੀ,ਬਲਵਿੰਦਰ ਬੁਲਟ, ਰਬਾਬ ਕੌਰ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਗੀਤ ਜਾਨੀ ਨੇ ਲਿਖੇ ਹਨ ਤੇ ਸੰਗੀਤ ਬੀ ਪਰਾਕ ਨੇ ਦਿੱਤਾ ਹੈ।

**- ਹਰਜਿੰਦਰ ਸਿੰਘ ਜਵੰਦਾ**

ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਿੰਗਲ ਟ੍ਰੈਕ (ਜਨਮ ਦਿਨ ਗੁਰੂ ਮੇਰੇ ਦਾ) ਜੋ ਕਿ ਅੱਜ ਡੇਰਾ ਸ੍ਰੀ 108 ਸੰਤ ਸਰਵਣ ਦਾਸ ਡੇਰਾ ਸਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਰਿਲੀਜ਼ ਕੀਤਾ ਗਿਆ। ਇਹ ਟ੍ਰੈਕ ਪ੍ਰਦੀਪ ਬੱਧਣ ਦਾ ਗਾਇਆ ਹੈ ਅਤੇ ਬੈਲਸਿੰਗ ਉਸਤਾਦ ਜਨਾਬ ਫਿਰੋਜ਼ ਖਾਨ ਨੇ ਕੀਤੀ ਹੈ। ਗੀਤ ਦੇ ਲੇਖਕ ਹਨ ਪਾਲੀ ਫਾਜ਼ਲਪੁਰੀਆ ਅਤੇ ਇਹ ਕਿੰਗ ਸਟਾਰ ਕੰਪਨੀ ਦੇ ਨਰਿੰਦਰ ਖੇੜਾ ਨੇ ਪ੍ਰੋਡਿਊਸ ਕੀਤਾ ਹੈ।




## मूक नायक बना.

**मूक नायक बना किसी ने मूक नायक बनाया नहीं,**
**मूक - नायक बना तो कभी - सर को झुकाया नहीं।**

देखा जब उसने हमें लड़ - खड़ाते हुए,
सोचा पीढ़ियां लगेंगी आगे बढ़ाते हुए।
हमारे इंसानों में ताकत है जजबात नहीं
इन्हें मूक नायक चाहिए कुछ समझते हुए।
१९२० में छापा मूक नायक सर झुकाया नहीं ||
**मूक नायक बना -----**

लिखा बहुजनों का साहित्य पहल करते हुए,
नींव डाली जिसकी सदियां लगीं लिखते हुए।
बर्जित किया था पढ़ना- लिखना इंसानों को
कलम मूक नायक चली- गर्व है ये पढ़ते हुए।
१९२७ में मनुस्मृति जला सर झुकाया नहीं ||
**मूक नायक बना -----**

मूक नायक ने जो लिखा नहीं वह किसने लिख दिया,
शब्द - मूक नायक में पढ़े नहीं वह कहाँ से पढ़ लिया।
दलित हम कभी रहे नहीं- अछूत हम रहे नहीं हैं अब
बदलो अब नीतियां भले 'दलित वायस' ने लिख दिया।
१९३२ का पूना- पैक्ट दलितों का सर झुकाया नहीं ||
**मूक नायक बना -----**

दलितों की कहानी है आज ये दलित लिख रहे,
मूक नायक पढ़कर ही आज शोषित लिख रहे।
मा. कांसीराम-मायावती जी ने जो दी है दस्तक
'दलित दस्तक' में अशोक दास जी हैं लिख रहे।
१९५० के संविधान में सर किसी का झुकाया नहीं ||
**मूक नायक बना -----**


मूक नायक बना तब धम्म - पथ है लिख दिया,
करुणा- मैत्री भाई-चारा और पंचशील दे दिया।
मध्यम- पथ है उत्तम पथ उस तथागत बुद्ध का
तोड़ेगा हिंसा की दीवारें भीम ने यों लिख दिया।
१९५६ दीक्षा- भूमि गरीबों का भी सर झुकाया नहीं ||
**मूक नायक बना -----**

दुनियां की धरती पर आज जय भीम लिखा है,
कितनी दीवारों पर 'अम्बेडकर' नाम लिखा है।
गूंगा- बहरा समाज ये मूक नायक राह दिखाई
ज़मीं के गिरते आंसुओं पर तेरा नाम लिखा है।
६ दिसंबर, ५६ हम कितना रोये सर झुकाया नहीं ||
**मूक नायक बना -----**

**मूक नायक बना किसी ने मूक नायक बनाया नहीं,**
**मूक - नायक बना तो कभी - सर को झुकाया नहीं।**

------------

डा. आर. बी. गौतम 'आरजी', न्यू जर्सी
(अमेरिका)
वरिष्ठ कवि एवं साहित्यकार
(जनवरी १९, २०१९)





## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਸ੍ਰੀ ਗੁਰੁ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ**



Jagtar Singh Bhatia and his wife

# ਜਗਤਾਰ ਸਿੰਘ ਭਾਟੀਆ

## (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ)

# ਸਮੂਹ ਭਾਟੀਆ ਪਰਿਵਾਰ



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



Kashmir Bali and family

# ਬੇਨਤੀ ਕਰਤਾ- Kashmir Bali and family



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਸ੍ਰੀ ਕਸ਼ਮੀਰੀ ਭਾਟੀਆ ਅਤੇ ਸ੍ਰੀਮਤੀ ਕਮਲਜੀਤ ਭਾਟੀਆ

## ਬੇਨਤੀ ਕਰਤਾ- ਪ੍ਰਧਾਨ ਕਸ਼ਮੀਰੀ ਭਾਟੀਆ (408) 460-0262



ਸ੍ਰੀ ਨਰਿੰਦਰ ਚਾਹਲ, ਸ੍ਰੀਮਤੀ ਜਸਵੀਰ ਚਾਹਲ ਅਤੇ ਅਤੇ ਸਮੂਹ ਚਾਹਲ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 643ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

## ਨਰਿੰਦਰ ਚਾਹਲ ਅਤੇ ਸਮੂਹ ਚਾਹਲ ਪਰਿਵਾਰ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ, ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



ਨਰਿੰਦਰ ਚਾਹਲ ਆਪਣੀ ਧਰਮ ਪਤਨੀ ਜਸਵੀਰ ਚਾਹਲ ਨਾਲ

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ





**Dharam Paul Chonkria**
General Secretary
Sri Guru Ravidass Sabha Pittsburg CA



**Satya Mati Chonkria**
and
Chonkria Faimly

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 9 ਫਰਵਰੀ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਫਰਵਰੀ 2020 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 9 ਫਰਵਰੀ 2020 (ਦਿਨ ਐਤਵਾਰ) ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



## ਤਰਸੇਮ ਲਾਲ ਚੌਂਕੜੀਆ, ਮਨਜੀਤ ਕੌਰ ਚੌਂਕੜੀਆ ਅਤੇ ਸਮੂਹ ਚੌਂਕੜੀਆ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 643ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

**Tarsem Lal Chaunkria and Family**



Tarsem Lal Chaunkria and his wife Mrs. Manjit Kaur Chaunkria






ੴ

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅਨ ।
ਛੋਟ ਬੜੇ ਸਬ ਸਮ ਵਸੈਂ, ਰਵਿਦਾਸ ਰਹੇ ਪ੍ਰਸੰਨ ॥

# ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਂਰਾਜ ਜੀ ਦਾ 643ਵਾਂ



# ਪ੍ਰਕਾਸ਼ ਪੁਰਬ

ਸੰਬੰਧੀ ਵਿਸ਼ੇਸ਼ ਸਮਾਗਮ

**ਸ੍ਰੀ ਗੁਰੂ ਰਵਿਦਾਸ ਟੈਂਪਲ**
*61-01 Broadway, Woodside NY 11377*

ਵਿਖੇ 28 ਜਨਵਰੀ 2020 ਤੋਂ 9 ਫਰਵਰੀ 2020 ਨੂੰ ਮਨਾਇਆ ਜਾ ਰਿਹਾ ਹੈ।

**ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਂਰਾਜ ਜੀ ਦੇ 643ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਵਧਾਈਆਂ**

ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਤਾਂ ਜ਼ਿੰਦਗੀ ਹਰ ਰਾਹ ਤੇ ਭਟਕਦੀ ਠੋਕਰਾਂ ਖਾਂਦੀ ਹੈ। ਫਿਰ ਪਰਮਾਤਮਾ ਦੀ ਕਿਰਪਾ ਸਦਕਾ ਇਕ ਰੱਬੀ ਗੁਰੂ ਇਸ ਸੰਸਾਰ ਅੰਦਰ ਪੈਦਾ ਹੁੰਦਾ ਹੈ। 14ਵੀਂ ਸਦੀ ਵਿਚ ਕਾਂਸ਼ੀ ਬਨਾਰਸ ਦੀ ਧਰਤੀ ਉਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਕਲਸਾਂ ਜੀ ਦੀ ਕੁੱਖੋਂ ਪ੍ਰਗਟ ਹੋਏ। ਜਿਹਨਾਂ ਨੂੰ ਅੱਜ ਸਮੁੱਚਾ ਸਮਾਜ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁਖ ਤੋਂ ਉਚਰਣ ਹੋਈ ਰੱਬੀ ਬਾਣੀ 16 ਰਾਗਾਂ ਅਤੇ 40 ਸ਼ਬਦਾਂ ਦੇ ਰੂਪ ਵਿਚ ਦਰਜ ਹੈ। ਸਮੁੱਚੀ ਮਾਨਵਤਾ ਦੀ ਭਲਾਈ ਕਰਨ ਵਾਲੇ ਮਹਾਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 9 ਫਰਵਰੀ 2020, ਦਿਨ ਐਤਵਾਰ ਨੂੰ ਆ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਆਪ ਸਮੁੱਚੀਆਂ ਸੰਗਤਾਂ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾ ਰਹੀ ਹੈ।



ਗੁਰੂ ਪਿਆਰੀ ਸਾਧ ਸੰਗਤ ਜੀਓ-ਆਪ ਜੀ ਨੂੰ ਬੜੇ ਹੀ ਆਦਰ ਅਤੇ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੰਗਤਾਂ ਦੀ ਪੁਰਜ਼ੋਰ ਮੰਗ 'ਤੇ ਗੁਰੂ ਘਰ ਦੀ ਸੁੰਦਰ ਬਿਲਡਿੰਗ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਸੋ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੀ ਨੇਕ ਕਮਾਈ ਵਿਚੋਂ ਦਸਵੰਦ ਕੱਢ ਕੇ ਗੁਰੂ ਘਰ ਦੀ ਹੋ ਰਹੀ ਉਸਾਰੀ ਵਿਚ ਤਨ ਮਨ ਧਨ ਨਾਲ ਸਹਿਯੋਗ ਦਿਓ ਜੀ ਤਾਂ ਜੋ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਉਪਰੋਕਤ ਮਾਡਲ ਵਾਂਗ ਦਿੱਤੀ ਜਾ ਸਕੇ ਜੀ। ਆਪ ਜੀ ਦੇ ਬਹੁਤ ਬਹੁਤ ਧੰਨਵਾਦੀ ਹੋਵਾਂਗੇ।

- 28 ਜਨਵਰੀ 2020 (ਮੰਗਲਵਾਰ) 11 ਅਖੰਡ ਪਾਠਾਂ ਦੀ ਲੜੀ ਦਾ ਆਰੰਭ ਹੋ ਰਿਹਾ ਹੈ।
- 5 ਫਰਵਰੀ 2020 (ਬੁਧਵਾਰ) ਤੋਂ ਰਾਤ ਦੇ ਦੀਵਾਨ ਰੋਜ਼ਾਨਾ 7 ਤੋਂ 10 ਵਜੇ ਤੱਕ ਹੋਣਗੇ ।
- 8 ਫਰਵਰੀ 2020 (ਸ਼ਨਿਵਾਰ) ਰਾਤ ਦਾ ਦੀਵਾਨ 1 ਵਜੇ ਤੱਕ ਚਲੇਗਾ ਪੂਰੇ 12 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ ।
- 9 ਫਰਵਰੀ 2020 (ਐਤਵਾਰ) ਦਾ ਮੁੱਖ (ਮਹਾਂਨ) ਕੀਰਤਨ ਦੀਵਾਨ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਸਜੇਗਾ ।

ਪਹੁੰਚ ਰਹੇ ਪੰਥ ਪ੍ਰਸਿਧ ਰਾਗੀ, ਕੀਰਤਨੀ ਅਤੇ ਢਾਡੀ ਜਥੇ ਅਤੇ ਕਥਾਵਾਚਕ

ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲੇ, ਇੰਟਰਨੈਸ਼ਨਲ ਜਥਾ (INDIA)
ਭਾਈ ਸਤੀਸ਼ ਜੀ ਜਲੰਧਰ ਵਾਲੇ
ਭਾਈ ਕੁਲਦੀਪ ਸਿੰਘ ਜੀ ਯੂ ਕੇ ਵਾਲੇ
ਭਾਈ ਸੁਰਜੀਤ ਸਿੰਘ ਮਜਬੂਰ ਹੁਸ਼ਿਆਰਪੁਰ ਵਾਲੇ
ਬਾਬਾ ਬ੍ਰਹਮ ਦਾਸ ਗੁਰੂ ਘਰ ਦੇ ਵਜ਼ੀਰ
ਭਾਈ ਦਰਸ਼ਨ ਸਿੰਘ ਗੁਰੂ ਘਰ ਦੇ ਵਜ਼ੀਰ
ਭਾਈ ਜੀਦਾ ਸਿੰਘ ਜੀ
ਇੰਟਰਨੈਸ਼ਨਲ ਢਾਡੀ ਜਥਾ ਭਾਈ ਮੋਹਣ ਸਿੰਘ ਬਸ਼ਰਾਵਾਂ
ਰਮਤਾ, ਨੋਲਾ, ਦੀਪਾ ਮਿਊਜ਼ਿਕਲ ਗਰੁੱਪ (ਨਿਊ ਯੌਰਕ)





## ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ

11 ਅਖੰਡ ਪਾਠਾਂ ਦੀ ਲੜੀ ਨੂੰ ਜਾਰੀ ਰੱਖਦੇ ਹੋਏ ਇਸ ਵਾਰ ਵੀ ਗੁਰੂ ਘਰ ਵਿਖੇ 28 ਜਨਵਰੀ 2020 ਤੋਂ 11 ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਕੇ 9 ਫਰਵਰੀ 2020 ਨੂੰ ਸਮਾਪਤ ਹੋਵੇਗੀ।

8 ਫਰਵਰੀ 2020 ਦਿਨ ਸ਼ਨਿਚਰਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਰਾਤ 12 ਵਜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।

9 ਫਰਵਰੀ 2020 ਦਿਨ ਐਤਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 9:30 ਵਜੇ ਹੋਵੇਗੀ।

5 ਫਰਵਰੀ 2020 ਤੋਂ 8 ਫਰਵਰੀ 2020 ਤੱਕ ਰਾਤੀ ਦੀਵਾਨ ਰਾਤ 7 ਵਜੇ ਤੋਂ 9 ਵਜੇ ਤੱਕ ਹੋਣਗੇ।

9 ਫਰਵਰੀ 2020 ਦਿਨ ਐਤਵਾਰ ਦਾ ਮੁੱਖ ਮਹਾਨ ਦੀਵਾਨ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ, ਕਥਾਵਾਚਕ ਅਤੇ ਮਿਸ਼ਨਰੀ ਗਾਇਕ ਸੰਗਤਾਂ ਨੂੰ ਗੁਰੂ ਦੀ ਬਾਣੀ ਨਾਲ ਜੋੜਨਗੇ।

ਗੁਰੂ ਘਰ ਦੇ ਮਹਾਨ ਦੀਵਾਨਾਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਦੇਸ਼ ਵਿਦੇਸ਼ ਵਿਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ।



**ਸਾਰੇ ਪ੍ਰੋਗਰਾਮਾਂ ਵਿਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ**

**ਨਿਸ਼ਾਨ ਸਾਹਿਬ ਦੀ ਸੇਵਾ**
9 ਫਰਵਰੀ 2020 ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਹੋਵੇਗੀ

ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ

**ਹੋਰ ਜਾਣਕਾਰੀ ਲਈ ਗੁਰੂ ਘਰ ਦੇ ਨੰਬਰਾਂ ਤੇ ਸੰਪਰਕ ਕਰੋ: 929-462-0108**

ਮੈਨੇਜਮੈਂਟ ਕਮੇਟੀ

| ਮੁੱਖ ਸੇਵਾਦਾਰ | ਚੇਅਰਮੈਨ | ਕੈਸ਼ੀਅਰ | ਜਨਰਲ ਸੈਕਟਰੀ | ਭਾਈ ਬ੍ਰਹਮ ਦਾਸ 646-651-9656 |
|---|---|---|---|---|
| ਸ੍ਰੀ ਅਸ਼ੋਕ ਕੁਮਾਰ 917-225-0888 | ਬਲਵੀਰ ਚੌਹਾਨ 646-642-9243 | ਝਲਮਨ ਦਾਸ 718-200-5235 | ਸੂਬੇਦਾਰ ਖੁਸ਼ੀਆ ਸਿੰਘ 347-447-8624 | ਭਾਈ ਦਰਸ਼ਨ ਸਿੰਘ 631-829-9819 |

ਸੀਨੀਅਰ ਵਾਈਸ ਪ੍ਰੇਜ਼ਿਡੈਂਟ ਜੀਤ ਰਾਮ, ਵਾਈਸ ਪ੍ਰੇਜ਼ਿਡੈਂਟ ਸਰਬਜੀਤ ਸਿੰਘ, ਜੁਆਇੰਟ ਸੈਕਟਰੀ ਰਾਜ ਕੁਮਾਰ, ਪਬਲਿਕ ਰਿਲੇਸ਼ਨ ਸੈਕਟਰੀ ਪਿਆਰਾ ਲਾਲ, ਜੁਆਇੰਟ ਕੈਸ਼ੀਅਰ ਮਨਜੀਤ ਸਿੰਘ, ਲੰਗਰ ਸੈਕਟਰੀ ਕੁੰਦਨ ਲਾਲ

ਟਰੱਸਟ ਕਮੇਟੀ:
ਮੁਖਤਿਆਰ ਮੁਖਤਿਆਰ, ਗੁਰਮਖ ਕੋਲੇ, ਦੁਰਗਾ ਦਾਸ, ਮੁਲਖ ਰਾਜ, ਵਿਜੇ ਦੁੱਗ, ਮਿੰਟੂ ਚਾਹਲ, ਬਸ਼ਿੰਬਰ ਦਾਸ, ਰਾਮ ਮੂਰਤੀ, ਮੋਹਨ ਲਾਲ, ਅਮਰਜੀਤ ਰਾਮ

PRINT & DESIGN WEBWAY360 - (347) 484-2854

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## 643rd Parkash Utsav of Sri Guru Ravidass Ji

(You are me, and I am You-what is the difference between us?

We are like gold and the bracelet, or water and the waves. ||1||

If I did not commit any sins, O Infinite Lord, how would You have acquired the name, Patit-Pavan (Redeemer of sinners)? ||1||Pause||

You are my Master, the Inner-knower, Searcher of hearts.

The servant is known by his God, and the Lord and Master is known by His servant. ||2||

Grant me the wisdom to worship and adore You with my body.

O Ravidass, one who understands that the Lord is equally in all, is very rare. ||3||)



ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥
ਤੁਮ੍ਹ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥

Sri Guru Ravidass Sabha CA, Pittsburg will be celebrating the 643rd Parkash Utsav of SATGURU RAVIDASS JI on Sunday, February 9, 2020 at Sri Guru Ravidass Temple, Pittsburg, CA. Satguru Ravidass Ji was a great religious and social reformer dedicated his whole life for the welfare of the humanity. Guru Ji preached social harmony and stood against caste discrimination.

**Gurughar Sewadars along with Sangat will perform Langer and Path Sewa for this program.**

| | |
|---|---|
| **ARAMBH SHRI AKHAND PATH** | **February 7, 2020 (FRIDAY) 9:30 AM** |
| **BHOG SHRI AKHAND PATH** | **February 9, 2020 (SUNDAY) 9:30 AM** |
| **KIRTAN DIWAN** | **After Bhog Ceremony until 2:30 PM** |



Bhai Harjinder Singh (Srinagar Wale)

We are privileged to have Panth Rattan Bhai Harjinder Singh (Srinagar Wale) on this day to delight SANGAT with his melodious KIRTAN.

In addition, famous raggi Jatha of Bhai Bhupinder Sigh and Giani GurnamSingh/Ompal Sngh will do the KIRTAN Sewa. Distinguished speakers and community leaders well versed with life and teachings of Satguru Ravidass ji, will share Guru Sahib's message with Sangat. .

We have scheduled a Blood-Drive by Red Cross on Saturday, February 8, 2020, from 9:30 AM to 3:00 PM. Please register online for donating blood at www.redcrossblood.org ; or call Dilbag Singh at (209)834-4641 or Abhishek Narabut at (925)695-4637.

We have a Health Camp scheduled on Sunday, February 9, 2020. Please come and take advantage of this camp, DON'T MISS A FREE HEALTH CAMP AT GURUGHAR.

Entire Sangat is cordially invited to participate in this celebration with family and friends and receive benign blessings of Sri Guru Ravidass Ji

We need volunteers to help with this event to prepare/serve Langar, directing traffic/parking, kitchen and other Sewa. Please contact the executive committee for additional information.

**For stalls, Langar sewa or any other sewa, please contact President Shinder Paul Narabut at (925) 683-0178, General Secretary Dharam Paul Chonkria at (925)334-2877, Treasurer Vinod Kumar at (408)718-2506, or Dilbag Singh at (209)834-4641**

Nishan Sahib Hoisting Ceremony will be held on February 8th 2020 (Saturday) at 11:00 AM. Narinder Chahal and Jasvir Chahal will be hosting this sewa.

## "NANAK NAM CHARDI KALA TERE BHANE SARBAT DA BHALA"

Chairman
Jagtar Bhatia

President
Shinder Paul Narabut

Sangat De Sewadar

General Secretary
Dharam Paul Chonkria

Treasurer
Vinod Kumar